
NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਡਰੱਗ ਨਿਰਮਾਤਾ ਕੰਪਨੀ ਮੌਡਰਨਾ ਨੇ ਕੋਰੋਨਾ ਵਾਇਰਸ ਦੀ ਸੰਭਾਵੀ ਦਵਾਈ ਜਾਂਚ ਲਈ ਭੇਜੀ




ਮੈਸਾਚਿਉਸੈਟਸ, 25 ਫਰਵਰੀ (ਪੋਸਟ ਬਿਊਰੋ) : ਡਰੱਗ ਨਿਰਮਾਤਾ ਮੌਡਰਨਾ ਨੇ ਕੋਰੋਨਾਵਾਇਰਸ ਦੇ ਸਬੰਧ ਵਿੱਚ ਸੰਭਾਵੀ ਵੈਕਸੀਨ ਦਾ ਪਹਿਲਾ ਬੈਚ ਜਾਂਚ ਲਈ ਸਰਕਾਰੀ ਰਿਸਰਚਰਜ਼ ਨੂੰ ਭੇਜ ਦਿੱਤਾ ਹੈ।

ਕੰਪਨੀ ਵੱਲੋਂ ਇਹ ਆਖਿਆ ਗਿਆ ਕਿ ਉਸ ਨੇ ਕੋਰੋਨਾਵਾਇਰਸ ਦੇ ਇਲਾਜ ਲਈ ਤਿਆਰ ਵੈਕਸੀਨ ਸਬੰਧੀ ਵਾਇਲਾਂ ਜਾਂਚ ਵਾਸਤੇ ਅਮਰੀਕਾ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਐਲਰਜੀ ਐਂਡ ਇਨਫੈਕਸ਼ੀਅਸ ਡਜ਼ੀਜ਼ਿਜ਼ ਨੂੰ ਭੇਜੀਆਂ ਹਨ। ਇਸ ਬਿਆਨ ਤੋਂ ਬਾਅਦ ਬਾਇਓਟੈਕ ਕੰਪਨੀ ਦੇ ਸ਼ੇਅਰਾਂ ਵਿੱਚ ਮੰਗਲਵਾਰ ਨੂੰ ਅਚਾਨਕ ਉਛਾਲ ਦਰਜ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਸਮੇਂ 80,000 ਤੋਂ ਵੀ ਵੱਧ ਲੋਕ ਵਿਸ਼ਵਵਿਆਪੀ ਪੱਧਰ ਉੱਤੇ ਕੋਰੋਨਾਵਾਇਰਸ ਵਰਗੇ ਵਾਇਰਲ ਤੋਂ ਪੀੜਤ ਹਨ। ਇਹ ਕੋਰੋਨਾਵਾਇਰਸ ਪਿਛਲੇ ਸਾਲ ਦੇ ਅੰਤ ਵਿੱਚ ਚੀਨ ਤੋਂ ਸ਼ੁਰੂ ਹੋਇਆ ਸੀ। ਹੁਣ ਤੱਕ 35 ਕੇਸ ਅਮਰੀਕਾ ਵਿੱਚ ਵੀ ਮਿਲ ਚੁੱਕੇ ਹਨ। ਇਕੱਲੇ ਚੀਨ ਵਿੱਚ ਹੀ ਇਸ ਵਾਇਰਸ ਕਾਰਨ ਹੁਣ ਤੱਕ 2600 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇੱਥੇ ਮਰਨ ਵਾਲਿਆਂ ਵਿੱਚ ਇੱਕ ਅਮਰੀਕੀ ਨਾਗਰਿਕ ਵੀ ਸੀ।

ਕੈਂਬ੍ਰਿਜ, ਮੈਸਾਚਿਉਸੈਟਸ ਸਥਿਤ ਮੌਡਰਨਾ ਇਨਕਾਰਪੋਰੇਸ਼ਨ ਦੇ ਸ਼ੇਅਰਾਂ ਵਿੱਚ 16 ਫੀ ਸਦੀ ਦੇ ਹਿਸਾਬ ਨਾਲ ਉਛਾਲ ਦਰਜ ਕੀਤਾ ਗਿਆ। ਪ੍ਰੀਮਾਰਕਿਟ ਟਰੇਡਿੰਗ ਵਿੱਚ ਮੌਡਰਨਾ ਦੇ ਸ਼ੇਅਰ ਦੀ ਕੀਮਤ 2.92 ਡਾਲਰ ਤੋਂ 21.51 ਡਾਲਰ ਤੱਕ ਪਹੁੰਚ ਗਈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

Separate Entrance Basement
DOON SOUTH - KITCHENER "4 BEDROOM HOME" SEPARATE ENTRANCE TO BASEMENT
ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ । ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੈਟ ਏਨਟਰੈਂਸ ਹੈ। ਡਬਲ ਅਟੈਚਡ ਗਰਾਜ ਹੈ ਅਤੇ ਫੈਂਸ ਯਾਰਡ ਹੈ।
ASKING $839,000. MLS # 30784447
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਨਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੈਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। ASKING $985,000.
MLS # 30790796
Call Joseph today 519-575-2777

IN - LAW SUITE 2018
Gated Executive Community Large Custom Built Bungalow
"EXECUTIVE LARGE FAMILY HOME IN-LAW SUITE" MLS# 30781327
ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ । ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ । ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ ।
ASKING $1,550,000
Call Joseph today 519-575-2777

" BUILDERS / DEVELOPERS" "23 LOT APPROVED SUBDIVISION" " 66 foot lots "
Incredible opportunity that will not last! This 23 lot approved sub division means you do not have to wait to build. All engineering is complete. Ready to go !
Asking $ 1,990,000
Call Joseph today 519-575-2777

End Unit Townhome
4 BEDROOM + 2 BATHROOM END UNIT TOWN HOME WITH FINISHED BASEMENT
ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਨਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫਸਿ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ ।
ASKING $549,0000
Call Joseph today 519-575-2777
MLS #30790510

BRAND NEW HOME
3 BEDROOM + 3 WASHROOM BRAND NEW 2 STORY HOME
ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿੰਗ ਹੈ। ਬਹੁਤ ਹੀ ਸੋਹਣੀ ਹਾਰਡਵੁਡ ਦੀ ਪੌੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ । ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਡ ਵਾਕ ਇਨ ਕਲਾਜਟ ਅਤਟ ਇਨਸੂਟ ਵਾਸ਼ਰੂਮ ਹੈ।
MLS #30790214
ASKING $609,000
Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
RE/MAX Lifetime Achievement Award · RE/MAX Hall of Fame · RE/MAX Chairman's Club · RE/MAX 100 Percent Club · RE/MAX Platinum Award
Awards earned From 2000-2018
**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਚੜ੍ਹਿਆ ਫਿਰੇ ਸਰਕਾਰ ਨੂੰ ਚਾਅ ਚੋਖਾ,
ਵਿੱਚ ਦਿੱਲੀ ਦੇ ਮਰਨ ਪਏ ਲੋਕ ਬੇਲੀ।
ਆਈ ਕਾਬੂ ਨਾ ਹਾਲਤ ਸਰਕਾਰ ਕੋਲੋਂ,
ਦਿੱਤੀ ਫੋਰਸ ਵੀ ਚੋਖੀ ਸੀ ਝੋਕ ਬੇਲੀ।
ਮੌਤਾਂ ਦਰਜਨ ਕਰੀਬ ਨੇ ਪੁੱਜ ਗਈਆਂ,
ਪਿਆ ਹੈ ਮ੍ਰਿਤਕਾਂ ਦੇ ਘਰੀਂ ਸ਼ੋਕ ਬੇਲੀ।
ਫਿਰ ਵੀ ਕਹੇ ਸਰਕਾਰ ਕਿ ਸਭ ਅੱਛਾ,
ਕੌਣ ਦਾਅਵਿਆਂ ਨੂੰ ਸਕਦਾ ਰੋਕ ਬੇਲੀ।
ਆਇਆ ਖਾਸ ਮਹਿਮਾਨ ਜੋ ਕੱਲ੍ਹ ਵੱਡਾ,
ਲੈ ਕੇ ਕਿਹੜਾ ਪ੍ਰਭਾਵ ਉਹ ਜਾਊ ਬੇਲੀ।
ਜਾ ਕੇ ਹਿੰਦ ਦੀ ਹਾਲਤ ਬਖਾਨ ਕਰਦਾ,
ਖਚਰੀ ਮੁਸਕਣੀ ਨਾਲ ਮੁਸਕਾਊ ਬੇਲੀ।

**ਤੀਸ ਮਾਰ ਖਾਂ**

# ਦਿੱਲੀ ਵਿੱਚ ਹਿੰਸਾ ਕਰਦੇ ਪ੍ਰਦਰਸ਼ਨਕਾਰੀਆਂ ਨੂੰ ਵੇਖਦੇ ਸਾਰ ਗੋਲੀ ਮਾਰਨ ਦੇ ਹੁਕਮ ਜਾਰੀ

*** ਹਿੰਸਾ ਵਿੱਚ ਮੌਤਾਂ ਦੀ ਗਿਣਤੀ ਵਧ ਕੇ 13 ਹੋਈ * ਭਾਜਪਾ ਐੱਮ ਪੀ ਨੇ ਭਾਜਪਾ ਆਗੂ ਉੱਤੇ ਹੇਟ ਸਪੀਚ ਦਾ ਦੋਸ਼ ਲਾਇਆ**



ਨਵੀਂ ਦਿੱਲੀ, 25 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਬੀਤੇ ਕਈ ਦਿਨਾਂ ਤੋਂ ਲਗਾਤਾਰ ਚੱਲ ਰਹੇ ਰੋਸ ਪ੍ਰਦਰਸ਼ਨਾਂ ਦੇ ਹਿੰਸਕ ਰੁਖ ਧਾਰਨ ਤੋਂ ਬਾਅਦ ਹਾਲਾਤ ਵਿਗੜਦੇ ਜਾ ਰਹੇ ਸਨ। ਇਸੇ ਦੌਰਾਨ ਭੀੜਾਂ ਨੂੰ ਕੰਟਰੋਲ ਕਰਨ ਲਈ ਉੱਤਰ ਪੂਰਬੀ ਦਿੱਲੀ ਵਿਚ ਪੁਲਿਸ ਨੇ ਹਿੰਸਕ ਪ੍ਰਦਰਸ਼ਨਕਾਰੀਆਂ ਨੂੰ ਵੇਖਦੇ ਸਾਰ ਗੋਲੀ ਮਾਰ ਦੇਣ ਦੇ ਹੁਕਮ ਜਾਰੀ ਕਰ ਦਿਤੇ ਅਤੇ ਚਾਰ ਥਾਣਾ ਖੇਤਰਾਂ ਚਾਂਦਬਾਗ, ਜ਼ਾਫ਼ਰਾਬਾਦ, ਮੌਜਪੁਰ ਅਤੇ ਕਰਾਵਲ ਨਗਰ ਆਦਿ ਵਿਚ ਕਰਫਿਊ ਲਾਗੂ ਕੀਤਾ ਗਿਆ ਹੈ। ਇਸ ਸਥਿਤੀ ਨੂੰ ਸੰਭਾਲਣ ਦੇ ਲਈ ਐਸ ਐਨ ਸ੍ਰੀਵਾਸਤਵ ਆਈ ਪੀ ਐੱਸ ਨੂੰ ਦਿੱਲੀ ਪੁਲਿਸ ਦਾ ਸਪੈਸ਼ਲ ਕਮਿਸ਼ਨਰ (ਲਾਅ ਐਂਡ ਆਰਡਰ) ਨਿਯੁਕਤ ਕਰ ਦਿੱਤਾ ਗਿਆ ਹੈ।

ਦੂਸਰੇ ਪਾਸੇ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦੱਸਿਆ ਹੈ ਕਿ ਹਿੰਸਾ ਪ੍ਰਭਾਵਤ ਉੱਤਰ ਪੂਰਬੀ ਜ਼ਿਲ੍ਹੇ ਵਿਚ ਸਕੂਲ ਹਾਲੇ ਬੰਦ ਰਹਿਣਗੇ। ਹਿੰਸਕ ਪ੍ਰਦਰਸ਼ਨਾਂ ਦੇ ਕਾਰਨ ਸਾਰੇ ਇਮਤਿਹਾਨ ਮੁਲਤਵੀ ਕਰ ਦਿੱਤੇ ਗਏ ਹਨ। ਕੇਂਦਰੀ ਸਿੱਖਿਆ ਬੋਰਡ ਬੋਰਡ ਨੂੰ ਪ੍ਰੀਖਿਆਵਾਂ ਨੂੰ ਮੁਲਤਵੀ ਕਰਨ ਦੀ ਬੇਨਤੀ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਦਿੱਲੀ ਵਿਚ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਚੱਲਦੇ ਰੋਸ ਪ੍ਰਦਰਸ਼ਨਾਂ ਨੇ ਪਿਛਲੇ ਐਤਵਾਰ ਅਚਾਨਕ ਹਿੰਸਕ ਰੁਖ ਧਾਰਨ ਕਰ ਲਿਆ ਸੀ, ਜਿਸ ਪਿੱਛੋਂ ਮੌਤਾਂ ਦੀ ਗਿਣਤੀ ਤੇਰਾਂ ਹੋ ਚੁੱਕੀ ਹੈ। ਦਿੱਲੀ ਪੁਲਿਸ ਦਾ ਇਕ ਹੈੱਡ ਕਾਂਸਟੇਬਲ ਰਤਨ ਲਾਲ ਵੀ ਮਾਰਿਆ ਗਿਆ ਤੇ ਇਸ ਹਿੰਸਾ ਕਾਰਨ 180 ਦੇ ਕਰੀਬ ਲੋਕ ਜ਼ਖ਼ਮੀ ਹੋਏ ਹਨ। ਉੱਤਰ ਪੂਰਬੀ ਦਿੱਲੀ ਵਿਚ ਅੱਜ ਮੰਗਲਵਾਰ ਸਵੇਰ ਤੋਂ ਫਿਰ ਹਿੰਸਾ ਤੇ ਪੱਥਰਬਾਜ਼ੀ ਦੀਆਂ ਘਟਨਾਵਾਂ ਲਗਾਤਾਰ ਜਾਰੀ ਰਹੀਆਂ। ਮੌਜਪੁਰ, ਬਾਬਰਪੁਰ, ਜ਼ਾਫ਼ਰਾਬਾਦ, ਗੋਕਲਪੁਰੀ, ਬ੍ਰਿਜਪੁਰੀ ਆਦਿ ਕਈ ਖੇਤਰਾਂ ਵਿਚ ਪੁਲਿਸ ਤੇ ਰੈਪਿਡ ਐਕਸ਼ਨ ਫੋਰਸ ਦੀ ਉਚੇਚੀ ਤਾਇਨਾਤੀ ਕਰ ਦਿਤੀ ਗਈ ਹੈ।

ਇਸ ਦੌਰਾਨ 'ਹੇਟ ਸਪੀਚ' ਦੇ ਸਵਾਲ ਉੱਤੇ ਪੂਰਬੀ ਦਿੱਲੀ ਹਲਕੇ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਗੌਤਮ ਗੰਭੀਰ ਨੇ ਨਾਰਾਜ਼ਗੀ ਪ੍ਰਗਟਾਈ ਤੇ ਸਾਬਕਾ ਵਿਧਾਇਕ ਕਪਿਲ ਮਿਸ਼ਰਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਹੇਟ ਸਪੀਚ ਦੇਣ ਵਾਲੇ ਹਰ ਵਿਅਕਤੀ ਉੱਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਚਾਹੇ ਉਹ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ। ਉਨ੍ਹਾਂ ਇਹ ਦੁਹਰਾ ਕੇ ਕਿਹਾ ਕਿ ਚਾਹੇ ਉਹ ਕਪਿਲ ਮਿਸ਼ਰਾ ਹੋਵੇ ਜਾਂ ਕੋਈ ਹੋਰ। ਖਾਸ ਗੱਲ ਇਹ ਹੈ ਕਿ ਕਪਿਲ ਮਿਸ਼ਰਾ ਨੇ ਭਾਜਪਾ ਉਮੀਦਵਾਰ ਵਜੋਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਨੂੰ 'ਭਾਰਤ-ਪਾਕਿ ਜੰਗ' ਕਹਿ ਕੇ ਹਾਲਾਤ ਵਿਗਾੜੇ ਸਨ, ਜਿਸ ਪਿੱਛੋਂ ਚੋਣ ਕਮਿਸ਼ਨ ਵੱਲੋਂ ਉਸ ਉੱਤੇ ਦੋ ਵਾਰੀ ਚੋਣ ਪ੍ਰਚਾਰ ਦੀ ਪਾਬੰਦੀ ਲਾਈ ਗਈ ਸੀ।

ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਦਿੱਲੀ ਦੇ ਜ਼ਾਫਰਾਬਾਦ ਵਿਚ ਧਰਨੇ ਉੱਤੇ ਬੈਠੀਆਂ ਔਰਤਾਂ ਨੂੰ ਅੱਜ ਮੌਕੇ ਤੋਂ ਹਟਾ ਦਿੱਤਾ ਗਿਆ ਅਤੇ ਪੁਲਸ ਨੇ ਰਸਤਾ ਖਾਲੀ ਕਰਵਾ ਦਿੱਤਾ ਹੈ। ਪੁਲਸ ਦੇ ਮੁਤਾਬਕ ਇਹ ਔਰਤਾਂ ਗੱਲਬਾਤ ਕਰਨ ਤੋਂ ਬਾਅਦ ਉੱਠਣ ਨੂੰ ਰਾਜ਼ੀ ਹੋ ਗਈਆਂ। ਇਹ ਔਰਤਾਂ ਜ਼ਾਫਰਾਬਾਦ ਵਿੱਚ ਸ਼ਾਹੀਨ ਬਾਗ ਵਾਂਗ ਔਰਤਾਂ ਧਰਨੇ ਉੱਤੇ ਬੈਠੀਆਂ ਹੋਈਆਂ ਸਨ ਅਤੇ ਇਨ੍ਹਾਂ ਨੇ ਸੀਲਮਪੁਰ ਤੇ ਮੌਜਪੁਰ ਰੋਡ ਨੰਬਰ 66 ਦਾ ਰਸਤਾ ਬੰਦ ਕਰ ਦਿੱਤਾ ਸੀ।

# ਅਸੀਂ ਹੜਤਾਲ ਨਹੀਂ ਚਾਹੁੰਦੇ : ਵਰਕਰਜ਼ ਯੂਨੀਅਨ



ਟੋਰਾਂਟੋ, 25 ਫਰਵਰੀ (ਪੋਸਟ ਬਿਊਰੋ) : ਸਹਿਰ ਤੋਂ ਬਾਹਰ ਦੇ ਲਗਭਗ 5000 ਦੇ ਨੇੜੇ ਤੇੜੇ ਵਰਕਰਜ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਉਨ੍ਹਾਂ ਵਲੋਂ ਅਜਿਹਾ ਪ੍ਰਸਤਾਵ ਪੇਸ ਕੀਤਾ ਗਿਆ ਹੈ ਜਿਸ ਨਾਲ ਡੀਲ ਸਿਰੇ ਚੜਨ ਦਾ ਰਾਹ ਮਿਲ ਸਕਦਾ ਹੈ।

ਕੂਪ ਲੋਕਲ 416 ਦੇ ਪ੍ਰੈਜੀਡੈਂਟ ਐਡੀ ਮੈਰੀਕੌਂਡਾ ਨੇ ਸੋਮਵਾਰ ਨੂੰ ਕੀਤੀ ਗਈ ਇਕ ਪ੍ਰੈਸ ਕਾਨਫਰੰਸ ਵਿਚ ਇਸ ਪ੍ਰਸਤਾਵ ਦੇ ਬਹੁਤੇ ਵੇਰਵੇ ਤਾਂ ਨਹੀਂ ਦਿਤੇ ਗਏ ਪਰ ਉਨ੍ਹਾਂ ਪਤਰਕਾਰਾਂ ਨੂੰ ਦਸਿਆ ਕਿ ਇਹ ਟੈਕਸਦਾਤਾਵਾਂ ਲਈ ਕਿਫਾਇਤੀ ਹੋਵੇਗਾ ਤੇ ਸਿਟੀ ਦੀਆਂ ਬਹੁਤੀਆਂ ਚਿੰਤਾਵਾਂ ਨੂੰ ਦੂਰ ਕਰ ਦੇਵੇਗਾ। ਇਹ ਪ੍ਰਸਤਵਾ ਉਸ ਸਮੇਂ ਆਇਆ ਹੈ ਜਦੋਂ 27 ਫਰਵਰੀ ਨੂੰ ਸਿਟੀ ਤੇ ਯੂਨੀਅਨ ਦੋਵੇਂ ਹੀ ਕਾਨੂੰਨੀ ਤੌਰ ਉਤੇ ਹੜਤਾਲ ਵਾਲੀ ਸਥਿਤੀ ਵਿਚ ਚਲੀਆਂ ਜਾਣਗੀਆਂ।

ਮੈਰੀਕੌਂਡਾ ਨੇ ਆਖਿਆ ਕਿ ਅਸੀਂ ਇਸ ਮਸਲੇ ਨੂੰ ਹਲ ਕਰਨਾ ਚਾਹੁੰਦੇ ਹਾਂ। ਅਸੀਂ ਹੜਤਾਲ ਨਹੀਂ ਕਰਨੀ ਚਾਹੁੰਦੇ। ਪਰ ਜੇ ਅਜਿਹਾ ਹੈ ਤਾਂ ਇਸ ਦਾ ਸਿਧਾ ਮੰਨਣਾ ਹੈ ਕਿ ਮੇਅਰ ਅਜਿਹਾ ਨਹੀਂ ਹੋਣ ਦੇਣਾ ਚਾਹੁੰਦੇ। ਸਾਡਾ ਮੰਨਣਾ ਹੈ ਕਿ ਇਸ ਡੀਲ ਲਈ ਕੋਈ ਨਾ ਕੋਈ ਰਾਹ ਤਾਂ ਜਰੂਰ ਹੈ। ਹੁਣ ਇਹ ਸਿਟੀ ਉਤੇ ਨਿਰਭਰ ਕਰਦਾ ਹੈ ਕਿ ਉਹ ਇਹ ਡੀਲ ਚਾਹੁੰਦੀ ਹੈ ਜਾਂ ਨਹੀਂ। ਸਿਟੀ ਦੀ ਬਾਰਗੇਨਿੰਗ ਕਮੇਟੀ ਦੇ ਚੇਅਰ ਕਾਉਂਸਲਰ ਡੈਨਜਿਲ ਮਿਨਾਨ ਵੌਂਗ ਇਸ ਤੋਂ ਪਹਿਲਾਂ ਸਿਟੀ ਵਰਕਰਜ ਦੀ ਨੁਮਾਇੰਦਗੀ ਕਰਨ ਵਾਲੀਆਂ ਯੂਨੀਅਨਾਂ ਨੂੰ ਦੋਸੀ ਠਹਿਰਾ ਚੁਕੇ ਹਨ।

ਇਸ ਪ੍ਰਬੰਧ ਵਿਚ ਆਖਿਆ ਗਿਆ ਹੈ ਕਿ ਕਿਸੇ ਵੀ ਕਰਮਚਾਰੀ, ਜਿਸ ਕੋਲ 15 ਸਾਲ ਦਾ ਕੰਮ ਦਾ ਤਜਰਬਾ ਹੈ ਉਸ ਦੀ ਨੌਕਰੀ ਕਾਂਟਰੈਕਟਿੰਗ ਜਾਂ ਨਿਜੀਕਰਨ ਕਾਰਨ ਨਹੀਂ ਖੁਸ ਸਕਦੀ।

# ਡੀ ਜੀ ਪੀ ਅਤੇ ਮੰਤਰੀ ਭਾਰਤ ਭੂਸ਼ਣ ਮੁੱਦੇ ਬਾਰੇ ਅਮਰਿੰਦਰ ਸਿੰਘ ਦਾ ਸਪੱਸ਼ਟੀਕਰਨ

*** ਕਰਤਾਰਪੁਰ ਲਾਂਘਾ ਬੰਦ ਨਹੀਂ ਹੋਣ ਦਿੱਤਾ ਜਾਵੇਗਾ : ਕੈਪਟਨ**



ਚੰਡੀਗੜ੍ਹ, 25 ਫਰਵਰੀ, (ਪੋਸਟ ਬਿਊਰੋ)- ਅੱਜ ਮੰਗਲਵਾਰ ਨੂੰ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਕਿਸੇ ਵੀ ਕੀਮਤ ਉੱਤੇ ਬੰਦ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਗਲਿਆਰੇ ਨੂੰ ਸਫਲ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ।

ਇਸ ਦੌਰਾਨ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਦਿੱਤੇ ਗਏ ਬਿਆਨਾਂ ਉੱਤੇ ਉਸ ਨੂੰ ਬਰਖਾਸਤ ਕਰਨ ਦੀ ਵਿਰੋਧੀ ਧਿਰ ਵੱਲੋਂ ਆਈ ਮੰਗ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਸ ਨੇ ਮੁਆਫੀ ਮੰਗ ਲਈ ਹੈ। ਵਿਰੋਧੀ ਧਿਰ ਇਸ ਮੁੱਦੇ ਨੂੰ ਰਾਜਨੀਤਕ ਲਾਭਾਂ ਲਈ ਵਧਾ ਰਹੀ ਹੈ। ਉਨ੍ਹਾ ਕਿਹਾ, 'ਹਰ ਕੋਈ ਗਲਤੀਆਂ ਕਰਦਾ ਹੈ।' ਮੁੱਖ ਮੰਤਰੀ ਨੇ ਕਿਹਾ ਕਿ ਡੀ ਜੀ ਪੀ ਦੀਆਂ ਟਿੱਪਣੀਆਂ ਨੂੰ ਟਾਲਿਆ ਜਾ ਸਕਦਾ ਸੀ।' ਉਨ੍ਹਾਂ ਨੇ ਕਿਹਾ ਕਿ ਹਰ ਇੱਕ ਨੂੰ ਦੁਸ਼ਮਣ ਗੁਆਂਢੀ ਦੀ ਨਜ਼ਰ ਤੋਂ ਦੇਸ਼ ਦੀ ਸੁਰੱਖਿਆ ਬਾਰੇ ਚਿੰਤਾ ਨੂੰ ਸਮਝਣਾ ਚਾਹੀਦਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਲੋਕ ਖੁਸ਼ ਹਨ ਕਿ ਲਾਂਘਾ ਖੁੱਲ੍ਹਾ ਹੈ, ਪਰ ਸੁਰੱਖਿਆ ਬਾਰੇ ਕਈ ਸਵਾਲ ਅਜੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਦੀ ਨੀਤ ਬੁਰੀ ਹੈ। ਉਹ ਆਪਣੀ ਖੁਫੀਆ ਏਜੰਸੀ ਆਈ ਐਸ ਆਈ ਰਾਹੀਂ ਸਾਡੇ ਪੰਜਾਬ ਦਾ ਅਮਨ ਭੰਗ ਕਰਨਾ ਚਾਹੁੰਦੇ ਹਨ, ਪਰ ਅਸੀਂ ਕਿਸੇ ਹਾਲਾਤ ਵਿੱਚ ਪੰਜਾਬ ਦੀ ਸ਼ਾਂਤੀ ਭੰਗ ਨਹੀਂ ਹੋਣ ਦੇਵਾਂਗੇ।

ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਉੱਤੇ ਲੱਗੇ ਦੋਸ਼ਾਂ ਬਾਰੇ ਉਨ੍ਹਾਂ ਦਾ ਬਚਾਅ ਕਰਦਿਆਂ ਕਿਹਾ ਕਿ ਕੋਰਟ ਨੇ ਉਸ ਦੇ ਵਿਰੁੱਧ 1992 ਵਿੱਚ ਖਾੜਕੂਆਂ ਨੂੰ ਪਨਾਹ ਦੇਣ ਦਾ ਟਾਡਾ ਕੇਸ ਬੰਦ ਕਰ ਦਿੱਤਾ ਸੀ। ਉਨ੍ਹਾ ਕਿਹਾ, '25 ਸਾਲ ਪੁਰਾਣੇ ਬੰਦ ਕੀਤੇ ਟਾਡਾ ਕੇਸ ਬਾਰੇ ਸੋਚਣ ਦੀ ਲੋੜ ਨਹੀਂ। ਆਮ ਆਦਮੀ ਪਾਰਟੀ ਅਤੇ ਅਕਾਲੀ ਵਿਧਾਇਕਾਂ ਨੇ ਕਿਹਾ ਕਿ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਿਰੁੱਧ 32 ਸਾਲ ਪੁਰਾਣਾ ਕੇਸ ਕਿਉਂ ਖੋਲ੍ਹਿਆ ਗਿਆ ਹੈ। ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ, 'ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਭੂਸ਼ਣ ਆਸ਼ੂ ਦਾ ਕੇਸ 15 ਸਾਲਾਂ ਤੋਂ ਕਿਉਂ ਨਾ ਖੋਲ੍ਹਿਆ?' ਇਸ ਦੇ ਬਾਅਦ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੇ ਆਸ਼ੂ ਦੇ ਬਕਾਇਆ ਕੇਸਾਂ ਨੂੰ ਖੋਲ੍ਹਣ ਦੀ ਮੰਗ ਕਰਦਿਆਂ ਵਾਕ ਆਊਟ ਕਰ ਦਿੱਤਾ।

# ਕਰਤਾਰਪੁਰ ਲਾਂਘੇ ਬਾਰੇ ਪੰਜਾਬ ਵਿਧਾਨ ਸਭਾ ਵਿੱਚ ਵਿਸ਼ੇਸ਼ ਮਤਾ ਪਾਸ



ਚੰਡੀਗੜ੍ਹ, 25 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਦੇ ਤੀਸਰੇ ਦਿਨ ਅੱਜ ਕਰਤਾਰਪੁਰ ਸਾਹਿਬ ਬਾਰੇ ਇਕ ਅਹਿਮ ਮਤਾ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।

ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਦਨ ਵਿਚ ਮਤਾ ਪੇਸ਼ ਕੀਤਾ ਕਿ ਪਾਕਿਸਤਾਨ ਵਿਚ ਗੁਰਦੁ-ਆਰਾ ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਨੂੰ ਹਾਲੇ ਤੱਕ ਉਥੇ ਜਾਣ ਦਾ ਪੂਰਾ ਮੌਕਾ ਨਹੀਂ ਮਿਲ ਰਿਹਾ, ਕਿਉਂਕਿ ਪਾਕਿਸਤਾਨ ਨੇ ਇਸ ਦੇ ਲਈ 20 ਅਮਰੀਕੀ ਡਾਲਰ ਦੀ ਅਤੇ ਭਾਰਤ ਸਰਕਾਰ ਨੇ ਵੀ ਹਰ ਯਾਤਰੀ ਕੋਲ ਪਾਸਪੋਰਟ ਹੋਣ ਦੀ ਸ਼ਰਤ ਰੱਖੀ ਹੈ। ਮੰਤਰੀ ਨੇ ਦਾਅਵਾ ਕੀਤਾ ਕਿ ਸਰਹੱਦ ਨੇੜੇ 70 ਫ਼ੀਸਦੀ ਤੋਂ ਵੱਧ ਲੋਕਾਂ ਕੋਲ ਪਾਸਪੋਰਟ ਨਹੀਂ। ਉਨ੍ਹਾਂ ਕਿਹਾ ਕਿ ਓਥੇ ਜਾਣ ਲਈ ਨਾਂਅ ਰਜਿਸਟਰ ਕਰਾਉਣ ਦੇ ਗੁੰਝਲਦਾਰ ਢੰਗ ਬਾਰੇ ਕੇਂਦਰ ਸਰਕਾਰ ਨਾਲ ਪੰਜਾਬ ਸਰਕਾਰ ਗੱਲਬਾਤ ਕਰੇ ਅਤੇ ਕੇਂਦਰ ਨੂੰ ਕਿਹਾ ਜਾਵੇ ਕਿ ਇਸ ਬਾਰੇ ਪਾਕਿਸਤਾਨ ਨਾਲ ਗੱਲ ਕੀਤੀ ਜਾਵੇ। ਮਤੇ ਵਿੱਚ ਮੰਗ ਕੀਤੀ ਗਈ ਹੈ ਕਿ 20 ਡਾਲਰ ਦੀ ਫੀਸ ਹਟਾਈ ਜਾਵੇ ਅਤੇ ਰਜਿਸਟਰੇਸ਼ਨ ਦੀ ਪ੍ਰਕਿਰਿਆ ਸੌਖੀ ਬਣਾਈ ਜਾਵੇ ਤੇ ਪਾਸਪੋਰਟ ਦੀ ਸ਼ਰਤ ਵੀ ਹਟਾ ਦਿੱਤੀ ਜਾਣੀ ਚਾਹੀਦੀ ਹੈ।

ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਦੀ ਤਾਈਦ ਕਰਦੀ ਹੈ, ਪਰ ਨਾਲ ਮੰਗ ਕਰਦੀ ਹੈ ਕਿ ਜਦੋਂ ਤਕ 20 ਡਾਲਰ ਰਕਮ ਦੀ ਸ਼ਰਤ ਖਤਮ ਨਹੀਂ ਹੋ ਜਾਂਦੀ, ਉਦੋਂ ਤੱਕ 10 ਡਾਲਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਾਕੀ ਦੇ 10 ਡਾਲਰ ਪੰਜਾਬ ਸਰਕਾਰ ਦੇਵੇ। ਵਿਰੋਧੀ ਧਿਰ ਦੇ ਨੇਤਾ ਨੇ ਇਹ ਵੀ ਕਿਹਾ ਕਿ ਜਦੋਂ ਤੱਕ ਆਧਾਰ ਕਾਰਡ ਉੱਤੇ ਪਾਸਪੋਰਟ ਬਣਦਾ, ਓਥੇ ਜਾਣ ਵਾਲੇ ਲੋਕਾਂ ਲਈ ਆਧਾਰ ਕਾਰਡ ਨੂੰ ਮਾਨਤਾ ਦਿੱਤੀ ਜਾਵੇ।

ਅਕਾਲੀ ਦਲ ਦੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਮੁੱਖ ਮੰਤਰੀ ਨੂੰ ਆਖਿਆ ਕਿ ਜੇ ਮੁੱਖ ਮੰਤਰੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਦੇ ਸਾਂਝੇ ਵਫਦ ਨਾਲ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਮਿਲਣ, ਤਾਂ ਜੋ ਇਸ ਮਸਲੇ ਦਾ ਹੱਲ ਕੱਢਿਆ ਜਾ ਸਕੇ ਤਾਂ ਚੰਗਾ ਹੋਵੇਗਾ। ਉਨ੍ਹਾਂ ਕਿਹਾ ਕਿ ਪਾਸਪੋਰਟ ਤੇ ਰਜਿਸਟਰੇਸ਼ਨ ਦੀ ਪ੍ਰਕਿਰਿਆ ਸੌਖਾ ਕਰਨੀ ਚਾਹੀਦੀ ਹੈ, ਪਰ 20 ਡਾਲਰ ਫੀਸ ਬਹੁਤੀ ਨਹੀਂ ਅਤੇ ਸ਼ਰਧਾਲੂ ਇਸ ਵਿੱਚ ਇੱਕ ਦੂਸਰੇ ਦੀ ਮਦਦ ਕਰ ਦਿੰਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨਾਲ ਸਹਿਮਤੀ ਪ੍ਰਗਟਾਈ ਤੇ ਕਿਹਾ ਕਿ ਉਹ ਛੇਤੀ ਹੀ ਸਰਬ ਪਾਰਟੀ ਵਫ਼ਦ ਨਾਲ ਕੇਂਦਰ ਸਰਕਾਰ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਈ ਲੋਕ ਪਾਸ-ਪੋਰਟਾਂ ਤੇ 20 ਡਾਲਰ ਫੀਸ ਦੇਣ ਲਈ ਵਿੱਤੀ ਤੌਰ ਉੱਤੇ ਸਮਰੱਥ ਨਹੀਂ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨਗੇ। ਇਸ ਦੇ ਨਾਲ ਉਨ੍ਹਾਂ ਨੇ ਅਕਾਲੀ ਦਲ ਨੂੰ ਅਪੀਲ ਕੀਤੀ ਕਿ ਇਸ ਪਾਰਟੀ ਦੀ ਨੇਤਾ, ਜੋ ਕੇਂਦਰ ਸਰਕਾਰ ਵਿੱਚ ਮੰਤਰੀ ਹੈ, ਨੂੰ ਵੀ ਇਸ ਬਾਰੇ ਪ੍ਰਧਾਨ ਮੰਤਰੀ ਨਾਲ ਗੱਲ ਕਰਨੀ ਚਾਹੀਦੀ ਹੈ।








Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000** — **7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Toronto $179,000** — **6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900** — **Old Church & Atchinson:** Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900** — **5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000** — **10635 Bramalea Rd J-4:** Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000** — **373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000** — **5380 Terry Fox Way 12:** Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000** — **Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000** — **284 Orenda Dr 19:** Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000** — **7800 Hurontario St 1 :** Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000** — **Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000** — **150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000** — **15 Gateway Blvd:** Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000** — **Clark & Bramalea:** Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000** — **Warden And Steeles:** Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000** — **Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਲੋਕਾਂ ਨੂੰ ਨਿਆਂ ਦੇਣ ਵਾਲੀ ਜੱਜ ਨੂੰ ਹੀ ਪੁਲਸ ਤੋਂ ਨਿਆਂ ਨਹੀਂ ਮਿਲ ਰਿਹਾਅ

ਜਲੰਧਰ, 25 ਫਰਵਰੀ (ਪੋਸਟ ਬਿਊਰੋ)- ਬੀਤੇ ਸਾਲ ਇਸ ਮਹਾਨਗਰ ਦੇ ਥਾਣਾ ਨੰਬਰ ਛੇ ਹੇਠਲੇ ਨਿਊ ਜਵਾਹਰ ਨਗਰ ਦੇ ਮਕਾਨ ਨੰਬਰ 370 'ਚ ਰਹਿੰਦੀ ਚੀਫ ਜੁਡੀਸ਼ੀਅਲ ਮੈਜਿਸਟਰੇਟ (ਸੀ ਜੇ ਐੱਮ) ਅੰਮ੍ਰਿਤਾ ਸਿੰਘ ਦੇ ਘਰ ਹੋਈ ਚੋਰੀ ਦੀ ਵਾਰਦਾਤ ਨੂੰ ਪੁਲਸ ਅਜੇ ਤੱਕ ਟਰੇਸ ਨਹੀਂ ਕਰ ਸਕੀ ਹੈ। ਕਾਨੂੰਨ ਦੀ ਰੱਖਿਆ ਕਰਨ ਵਾਲੇ ਇੱਕ ਵੱਡੇ ਅਧਿਕਾਰੀ ਦੇ ਘਰ ਹੋਈ ਚੋਰੀ ਦੀ ਵਾਰਦਾਤ ਨੂੰ ਪੁਲਸ ਵੱਲੋਂ ਟਰੇਸ ਨਾ ਕਰ ਪਾਉਣਾ ਪੁਲਸ ਦੀ ਲਾਪਰਵਾਹੀ ਦੱਸਦਾ ਹੈ।

ਵਰਨਣ ਯੋਗ ਹੈ ਕਿ ਥਾਣਾ ਨੰਬਰ ਛੇ ਅਨੁਸਾਰ ਦਰਜ ਹੋਣ ਵਾਲੇ ਕੇਸ ਵੀ ਜੱਜ ਅੰਮ੍ਰਿਤਾ ਸਿੰਘ ਦੀ ਕੋਰਟ ਵਿੱਚ ਹੀ ਸੁਣੇ ਜਾਂਦੇ ਹਨ। ਜੱਜ ਅੰਮ੍ਰਿਤਾ ਸਿੰਘ ਆਪਣੇ ਪਤੀ ਜਤਿੰਦਰਵੀਰ ਸਿੰਘ ਅਤੇ ਬੱਚਿਆਂ ਨਾਲ 23 ਦਸੰਬਰ 2019 ਨੂੰ ਰਾਜਸਥਾਨ ਘੁੰਮਣ ਗਏ ਸਨ। ਉਨ੍ਹਾਂ ਦੇ ਪਤੀ ਜਤਿੰਦਰਵੀਰ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨ 'ਚ ਕਿਹਾ ਕਿ ਜਦੋਂ ਉਹ 28 ਦਸੰਬਰ ਦੀ ਰਾਤ ਕਰੀਬ 8.30 ਵਜੇ ਵਾਪਸ ਆਏ ਤਾਂ ਉਨ੍ਹਾਂ ਨੇ ਦੇਖਿਆ ਕਿ ਘਰ ਦੇ ਅੰਦਰ ਲੱਗਾ ਜਾਲੀ ਵਾਲਾ ਦਰਵਾਜ਼ਾ ਖੁੱਲ੍ਹਾ ਪਿਆ ਅਤੇ ਤਾਲੇ ਟੁੱਟੇ ਹੋਏ ਸਨ। ਸ਼ਿਕਾਇਤ ਦੇਣ ਉੱਤੇ ਮੌਕੇ ਉਤੇ ਏ ਸੀ ਪੀ ਮਾਡਲ ਟਾਊਨ ਧਰਮਪਾਲ ਪਹੁੰਚੇ। ਜਦੋਂ ਉਹ ਪੁਲਸ ਦੇ ਨਾਲ ਅੰਦਰ ਗਏ ਤਾਂ ਦੇਖਿਆ ਕਿ ਘਰ ਦਾ ਸਾਰਾ ਸਾਮਾਨ ਖਿਲਰਿਆ ਪਿਆ ਹੈ। ਜਦੋਂ ਉਨ੍ਹਾਂ ਨੇ ਘਰ ਵਿੱਚ ਅਲਮਾਰੀਆਂ ਚੈੱਕ ਕੀਤੀਆਂ ਤਾਂ ਪਤਾ ਲੱਗਾ ਕਿ ਚੋਰ ਕਰੀਬ ਤਿੰਨ ਲੱਖ ਰੁਪਏ ਕੈਸ਼, 20 ਤੋਲੇ ਸੋਨੇ ਦੀਆਂ ਚੂੜੀਆਂ ਅਤੇ ਸੋਨੇ ਦੀ ਚੇਨ, ਡਾਇਮੰਡ ਅਤੇ ਹੋਰ ਸਾਮਾਨ ਚੋਰੀ ਕਰ ਕੇ ਲੈ ਗਏ ਹਨ। ਇਸ ਦੇ ਨਾਲ ਵਿਦੇਸ਼ੀ ਘੜੀਆਂ ਜੋ ਉਹ ਵਿਦੇਸ਼ ਤੋਂ ਲੈ ਕੇ ਆਏ ਸਨ, ਵੀ ਲੈ ਗਏ। ਚੋਰਾਂ ਦੇ ਹੌਸਲੇ ਇੰਨੇ ਬੁਲੰਦ ਸਨ ਕਿ ਚੋਰ ਘਰ 'ਚ ਪਿਆ ਪਿੰਨੀਆਂ ਦਾ ਡੱਬਾ ਵੀ ਖਾਲੀ ਕਰ ਗਏ ਸਨ। ਪੁਲਸ ਨੇ ਓਦੋਂ ਚੋਰੀ ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ, ਪਰ ਕਰੀਬ ਤਿੰਨ ਮਹੀਨੇ ਬੀਤ ਜਾਣ ਦੇ ਬਾਅਦ ਵੀ ਅਜੇ ਤੱਕ ਵਾਰਦਾਤ ਟਰੇਸ ਨਾ ਹੋ ਸਕੀ।

ਏ ਡੀ ਸੀ ਪੀ ਪਰਮਿੰਦਰ ਸਿੰਘ ਭੰਡਾਲ ਦਾ ਕਹਿਣਾ ਹੈ ਕਿ ਜਾਂਚ ਵਿੱਚ ਕਈ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਸੀ, ਪਰ ਉਨ੍ਹਾਂ ਨੂੰ ਕੋਈ ਪੁਖਤਾ ਸਬੂਤ ਨਹੀਂ ਮਿਲ ਸਕਿਆ। ਪੁਲਸ ਨੂੰ ਕੇਸ ਟਰੇਸ ਕਰਨ ਵਿੱਚ ਸਭ ਤੋਂ ਵੱਧ ਇਹ ਮੁਸ਼ਕਲ ਆ ਰਹੀ ਸੀ ਕਿ ਇਸ ਇਲਾਕੇ ਵਿੱਚ ਕੋਈ ਸੀ ਸੀ ਟੀ ਵੀ ਕੈਮਰਾ ਨਹੀਂ ਲੱਗਾ ਸੀ, ਜਿਸ ਕਾਰਨ ਚੋਰਾਂ ਦੀ ਪਛਾਣ ਕਰਨਾ ਮੁਸ਼ਕਲ ਹੋ ਰਿਹਾ ਹੈ, ਫਿਰ ਵੀ ਪੁਲਸ ਵੱਲੋਂ ਇਸ ਕੇਸ ਨੂੰ ਟਰੇਸ ਕਰਨ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ।

# ਖੁਫੀਆ ਅਧਿਕਾਰੀਆਂ ਦੀ ਚਿਤਾਵਨੀ: ਟਰੰਪ ਨੂੰ ਮੁੜ ਕੇ ਸੱਤਾ ਵਿੱਚ ਲਿਆਉਣ ਲਈ ਰੂਸ ਫਿਰ ਦਖਲ ਦੇ ਰਿਹੈ

ਵਾਸ਼ਿੰਗਟਨ, 25 ਫਰਵਰੀ (ਪੋਸਟ ਬਿਊਰੋ)- ਅਮਰੀਕੀ ਖੁਫੀਆ ਅਧਿਕਾਰੀਆਂ ਨੇ ਪਾਰਲੀਮੈਂਟ ਮੈਂਬਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਡੋਨਾਲਡ ਟਰੰਪ ਨੂੰ ਮੁੜ ਕੇ ਰਾਸ਼ਟਰਪਤੀ ਬਣਾਉਣ ਲਈ ਰੂਸ 2020 ਦੀ ਚੋਣ ਪ੍ਰਚਾਰ ਮੁਹਿੰਮ ਵਿਚ ਵੀ ਦਖਲ ਦੇ ਰਿਹਾ ਹੈ। ਇਸ ਤੋਂ ਨਾਰਾਜ਼ ਹੋਏ ਟਰੰਪ ਨੇ ਖੁਫੀਆ ਮੁਖੀ ਨੂੰ ਬਦਲ ਦਿੱਤਾ। ਇਹ ਖਬਰ ਅਮਰੀਕੀ ਮੀਡੀਆ ਨੇ ਪ੍ਰਮੁੱਖਤ ਨਾਲ ਜਾਰੀ ਕੀਤੀ ਹੈ, ਜਿਸ ਨਾਲ ਇੱਕ ਵਾਰ ਫਿਰ ਬਹਿਸ ਛਿੜ ਗਈ ਹੈ।



ਵਾਸ਼ਿੰਗਟਨ ਪੋਸਟ ਤੇ ਨਿਊਯਾਰਕ ਟਾਈਮਸ ਨੇ ਕੱਲ੍ਹ ਵੀਰਵਾਰ ਨੂੰ ਕਿਹਾ ਕਿ ਟਰੰਪ ਨੂੰ ਜਦੋਂ ਸਦਨ ਦੀ ਖੁਫੀਆ ਕਮੇਟੀ ਨਾਲ 13 ਫਰਵਰੀ ਨੂੰ ਹੋਏ ਸੈਸ਼ਨ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਰਾਸ਼ਟਰੀ ਖੁਫੀਆ ਯੂਨਿਟ ਡੀ ਐਨ ਆਈ ਦੇ ਕਾਰਜਕਾਰੀ ਡਾਇਰੈਕਟਰ ਜੋਸਫ ਮੈਗੁਆਇਰ ਉੱਤੇ ਨਾਰਾਜ਼ਗੀ ਜਤਾਈ। ਇਸ ਬਾਰੇ ਮੈਗੁਆਯਰ ਦੇ ਸਹਿਯੋਗੀ ਸ਼ੈਲਬੀ ਪੀਅਰਸਨ ਨੇ ਪਾਰਲੀਮੈਂਟ ਮੈਂਬਰਾਂ ਨੂੰ ਦੱਸਿਆ ਕਿ ਟਰੰਪ ਦੀ ਮਦਦ ਕਰਨ ਲਈ ਰੂਸ ਇਕ ਵਾਰ ਫਿਰ ਅਮਰੀਕੀ ਚੋਣਾਂ ਵਿਚ ਦਖਲ ਦੇ ਰਿਹਾ ਹੈ। ਇਨ੍ਹਾਂ ਖਬਰਾਂ ਮੁਤਾਬਕ ਟਰੰਪ ਨੇ ਕਿਹਾ ਕਿ ਡੈਮੋਕ੍ਰੇਟਿਕ ਆਗੂ ਇਸ ਸੂਚਨਾ ਦੀ ਵਰਤੋਂ ਉਨ੍ਹਾਂ ਦੇ ਖਿਲਾਫ ਕਰਨਗੇ। ਨਿਊਯਾਰਕ ਟਾਈਮਸ ਦੇ ਮੁਤਾਬਕ ਰਾਸ਼ਟਰਪਤੀ ਟਰੰਪ ਇਸ ਬੈਠਕ ਵਿਚ ਮਹਾਦੋਸ਼ ਦੀ ਜਾਂਚ ਦੀ ਪ੍ਰਕਿਰਿਆ ਦੀ ਅਗਵਾਈ ਕਰਨ ਵਾਲੇ ਡੈਮੋਕ੍ਰੇਟਿਕ ਆਗੂ ਐਡਮ ਸ਼ਿਫ ਦੀ ਮੌਜੂਦਗੀ ਤੋਂ ਵੀ ਨਾਰਾਜ਼ ਸਨ। ਅਖਬਾਰ ਨੇ ਲਿਖਿਆ ਹੈ ਕਿ ਮੈਗੁਆਇਰ ਡੀ ਐਨ ਆਈ ਅਹੁਦੇ ਉੱਤੇ ਪੱਕੀ ਨਿਯੁਕਤੀ ਲਈ ਟਰੰਪ ਦੀ ਪਹਿਲੀ ਪਸੰਦ ਗਿਣੇ ਜਾਂਦੇ ਸਨ, ਪਰ ਟਰੰਪ ਨੇ ਜਦੋਂ ਗੁਪਤ ਚੋਣ ਸੁਰੱਖਿਆ ਬਾਰੇ ਸੁਣਿਆ ਤਾਂ ਉਹ ਮੈਗੁਆਇਰ ਨਾਲ ਨਾਰਾਜ਼ ਹੋ ਗਏ। ਟਰੰਪ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਹ ਮੈਗੁਆਇਰ ਦੀ ਥਾਂ ਜਰਮਨੀ ਵਿਚ ਅਮਰੀਕਾ ਦੇ ਰਾਜਦੂਤ ਤੇ ਆਪਣੇ ਕਰੀਬੀ 53 ਸਾਲਾ ਰਿਚਰਡ ਗ੍ਰੇਨੇਲ ਨੂੰ ਇਹ ਜ਼ਿੰਮੇਦਾਰੀ ਸੌਂਪ ਰਹੇ ਹਨ।

# ਕੁਆਰਟਰ ਵਿੱਚ ਵੜੇ ਨੌਜਵਾਨ ਨੂੰ ਰੱਸੀ ਨਾਲ ਬੰਨ੍ਹ ਕੇ ਕੁੱਟਿਆ, ਸਵੇਰੇ ਮਰ ਗਿਆ

ਜਮਨਾ ਨਗਰ, 25 ਫਰਵਰੀ (ਪੋਸਟ ਬਿਊਰੋ)- ਜਮਨਾ ਨਗਰ ਦੇ ਦਾਮਲਾ ਵਿੱਚ ਪਲਾਈਵੁੱਡ ਫੈਕਟਰੀ ਦੇ ਮਜ਼ਦੂਰਾਂ ਦੇ ਕੁਆਰਟਰ ਵਿੱਚ ਵੜੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਦੋਸ਼ ਹੈ ਕਿ ਰਾਤ ਨੂੰ ਨੌਜਵਾਨ ਚੋਰੀ ਕਰਨ ਆਇਆ ਸੀ। ਉਸ ਦੇ ਤਿੰਨ ਸਾਥੀ ਭੱਜਣ ਵਿੱਚ ਕਾਮਯਾਬ ਹੋ ਗਏ। ਪਤਾ ਲੱਗਾ ਹੈ ਕਿ ਇਸ ਘਟਨਾ ਵਿੱਚ ਫੜੇ ਗਏ ਨੌਜਵਾਨ ਨੂੰ ਮਜ਼ਦੂਰਾਂ ਨੇ ਕੁੱਟਣਾ ਸ਼ੁਰੂ ਕਰ ਦਿੱਤਾ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਹਨੇਰੇ ਵਿੱਚ ਨਲਕੇ ਨਾਲ ਉਸਦਾ ਸਿਰ ਜਾ ਵੱਜਾ ਤਾਂ ਮਜ਼ਦੂਰਾਂ ਨੇ ਉਸ ਨੂੰ ਰੱਸੀ ਨਾਲ ਬੰਨ੍ਹ ਦਿੱਤਾ। ਸਿਰ ਅਤੇ ਹੋਰਨਾਂ ਥਾਵਾਂ 'ਤੇ ਲੱਗੀਆਂ ਸੱਟਾਂ ਕਾਰਨ ਨੌਜਵਾਨ ਤੜਫਦਾ ਰਿਹਾ। ਸਵੇਰ ਸੂਚਨਾ ਮਿਲਣ ਦੇ ਬਾਅਦ ਪੁਲਸ ਪਹੁੰਚੀ ਤਾਂ ਨੌਜਵਾਨ ਦੀ ਮੌਤ ਹੋ ਚੁੱਕੀ ਸੀ। ਉਸ ਦੀ ਪਛਾਣ ਨਹੀਂ ਹੋ ਸਕੀ। ਪੁਲਸ ਨੇ ਕੁਝ ਮਜ਼ਦੂਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਗੈਰ ਇਰਾਦਤਨ ਹੱਤਿਆ ਦਾ ਕੇਸ ਦਰਜ ਕੀਤਾ ਹੈ। ਕੁੱਟਮਾਰ ਕਰਨ ਵਾਲਿਆਂ ਦੀ ਪਛਾਣ ਕੀਤੀ ਜਾ ਰਹੀ ਹੈ। ਇੱਕ ਮਜ਼ਦੂਰ ਨੇ ਦੱਸਿਆ ਕਿ ਦਾਮਲਾ ਵਿੱਚ ਟੋਲ ਪਲਾਜ਼ਾ ਨੇੜੇ ਬਲਵੰਤ ਸਿੰਘ ਦੇ ਕੁਆਰਟਰਾਂ ਵਿੱਚ ਅਲੱਗ-ਅਲੱਗ ਫੈਕਟਰੀਆਂ ਦੇ ਕਰਮਚਾਰੀ ਰਹਿੰਦੇ ਹਨ। ਰਾਤ ਨੂੰ ਕਈ ਮਜ਼ਦੂਰਾਂ ਦੇ ਮੋਬਾਈਲ ਚੋਰੀ ਹੋ ਚੁੱਕੇ ਸਨ। ਕੱਲ੍ਹ ਰਾਤ ਤਿੰਨ-ਚਾਰ ਨੌਜਵਾਨ ਕੁਆਰਟਰਾਂ ਵਿੱਚ ਆ ਵੜੇ ਤਾਂ ਲੋਕਾਂ ਦੀ ਨੀਂਦ ਖੁੱਲ੍ਹ ਗਈ। ਤਿੰਨ ਨੌਜਵਾਨ ਭੱਜ ਗਏ। ਇੱਕ ਫੜਿਆ ਗਿਆ। ਉਹ ਭੱਜਣ ਲੱਗਾ ਤਾਂ ਨਲਕੇ ਨਾਲ ਜਾ ਵੱਜਾ।



# ਲਾਪਤਾ ਵਿਅਕਤੀ ਦੀ ਲਾਸ਼ ਈਸਪੁਰ ਦੇ ਛੱਪੜ ਵਿੱਚੋਂ ਅੱਠ ਦਿਨਾਂ ਪਿੱਛੋਂ ਮਿਲੀ

ਜਲੰਧਰ, 25 ਫਰਵਰੀ (ਪੋਸਟ ਬਿਊਰੋ)- ਥਾਣਾ ਮਕਸੂਦਾਂ ਹੇਠਲੇ ਪਿੰਡ ਈਸਪੁਰ ਦੇ ਛੱਪੜ 'ਚੋਂ ਲਾਪਤਾ ਵਿਅਕਤੀ ਦੀ ਲਾਸ਼ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਹੈ। ਇਸ ਬਾਰੇ ਥਾਣਾ ਮਕਸੂਦਾਂ ਪੁਲਸ ਨੂੰ ਦੱਸਿਆ ਗਿਆ ਤਾਂ ਥਾਣਾ ਮਕਸੂਦਾਂ ਦੇ ਹੌਲਦਾਰ ਕੇਵਲ ਸਿੰਘ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ।

ਇਸ ਬਾਰੇ ਕੇਵਲ ਸਿੰਘ ਨੇ ਦੱਸਿਆ ਕਿ ਕਿਸੇ ਵਿਅਕਤੀ ਦੀ ਛੱਪੜ ਵਿੱਚ ਲਾਸ਼ ਤੈਰ ਰਹੀ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਰਾਕੇਸ਼ ਮੰਡਲ ਪੁੱਤਰ ਪੰਚਮ ਮੰਡਲ ਵਾਸੀ ਬਿਹਾਰ ਹਾਲ ਵਾਸੀ ਪਿੰਡ ਰੰਧਾਵਾ ਮਸੰਦਾਂ ਜਲੰਧਰ ਵਜੋਂ ਹੋਈ ਹੈ। ਪੁਲਸ ਨੇ ਮ੍ਰਿਤਕ ਦੀ ਪਤਨੀ ਰੀਨਾ ਦੇ ਬਿਆਨਾਂ ਦੇ ਆਧਾਰ ਉੱਤੇ ਧਾਰਾ 174 ਦੀ ਕਾਰਵਾਈ ਕੀਤੀ ਹੈ। ਮ੍ਰਿਤਕ ਦੀ ਪਤਨੀ ਦਾ ਕਹਿਣਾ ਹੈ ਕਿ ਉਸ ਦਾ ਪਤੀ ਰਾਕੇਸ਼ ਮੰਡਲ ਅਕਸਰ ਸ਼ਰਾਬ ਪੀ ਕੇ ਕਈ ਵਾਰ ਘਰ ਵੀ ਨਹੀਂ ਆਉਂਦਾ ਸੀ ਅਤੇ ਕਈ ਵਾਰ ਬਿਨਾਂ ਦੱਸੇ ਬਿਹਾਰ ਚਲਾ ਜਾਂਦਾ ਸੀ, ਜਿਸ ਕਰ ਕੇ ਉਨ੍ਹਾਂ ਵੱਲੋਂ ਪੁਲਸ ਨੂੰ ਕੋਈ ਸ਼ਿਕਾਇਤ ਨਹੀਂ ਦਿੱਤੀ। ਪੁਲਸ ਦਾ ਕਹਿਣਾ ਹੈ ਕਿ 13 ਫਰਵਰੀ ਨੂੰ ਪਿੰਡ ਵਾਸੀਆਂ ਨੂੰ ਛੱਪੜ ਕੰਢੇ ਸਾਈਕਲ ਬਰਾਮਦ ਹੋਇਆ ਸੀ ਅਤੇ ਲੋਕਾਂ ਵੱਲੋਂ ਛੱਪੜ 'ਚ ਭਾਲ ਕੀਤੀ ਤਾਂ ਉਥੇ ਕੁਝ ਨਹੀਂ ਮਿਲਿਆ ਸੀ। ਮ੍ਰਿਤਕ ਦੇ ਪਰਵਾਰਕ ਮੈਂਬਰਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਹੋ ਸਕਦਾ ਹੈ ਕਿ ਮ੍ਰਿਤਕ ਰਾਕੇਸ਼ ਮੰਡਲ ਨਸ਼ੇ ਦੀ ਹਾਲਤ ਵਿੱਚ ਛੱਪੜ ਵਿੱਚ ਡਿੱਗ ਗਿਆ ਹੋਵੇ, ਜਿਸ ਦੌਰਾਨ ਉਸ ਦੀ ਮੌਤ ਹੋ ਗਈ ਹੋਵੇਗੀ। ਫਿਲਹਾਲ ਪੁਲਸ ਇਸ ਦੀ ਜਾਂਚ ਕਰ ਰਹੀ ਹੈ।

# ਕਾਪੀ-ਪੇਸਟ ਦੇ ਪਿਤਾਮਾ ਲਾਰੀ ਟੇਸਲਰ ਨਹੀਂ ਰਹੇ

ਵਾਸ਼ਿੰਗਟਨ, 25 ਫਰਵਰੀ (ਪੋਸਟ ਬਿਊਰੋ)- ਇਸ ਦੁਨੀਆ 'ਚ ਜਿਸ ਨੇ ਵੀ ਕੰਪਿਊਟਰ ਜਾਂ ਸਮਾਰਫੋਨ ਵਰਤਿਆ ਹੈ, ਉਸ ਨੇ 'ਕੰਟਰੋਲ+ ਵੀ' (ਪੇਸਟ) ਦੀ ਵਰਤੋਂ ਜ਼ਰੂਰ ਕੀਤੀ ਹੋਵੇਗੀ। ਕੰਪਿਊਟਰ ਵਰਤਣ ਵੇਲੇ ਇਨ੍ਹਾਂ ਦੋਵਾਂ 'ਕੀਅਜ਼' ਦੀ ਕਈ ਵਾਰ ਵਰਤੋਂ ਹੁੰਦੀ ਹੈ। ਇਨ੍ਹਾਂ ਦੋਵਾਂ 'ਕੀਅਜ਼' ਦੀ ਖੋਜ ਕਰਨ ਵਾਲੇ ਸਾਫ਼ਟਵੇਅਰ ਇੰਜੀਨੀਅਰ ਲਾਰੀ ਟੇਸਲਰ ਦਾ 74 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ ਹੈ।

ਲਾਰੀ ਟੇਸਲਰ ਨੇ 1960 ਵਿੱਚ ਅਮਰੀਕਾ ਦੇ ਸਿਲੀਕਾਨ ਵੈਲੀ 'ਚ ਕੰਪਿਊਟਰ ਇੰਜੀਨੀਅਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਆਪਣੇ ਕੰਮ ਨੂੰ ਸੌਖਾ ਬਣਾਉਣ ਲਈ ਕੰਪਿਊਟਰ 'ਚ ਕਾਪੀ-ਪੇਸਟ ਕਮਾਂਡ ਦੀ ਖੋਜ ਕੀਤੀ ਸੀ। ਲਾਰੀ ਟੇਸਲਰ ਨੇ ਕਰੀਅਰ ਦੇ ਸ਼ੁਰੂਆਤੀ ਦਿਨਾਂ 'ਚ ਕਾਫ਼ੀ ਸਮਾਂ ਜੈਰਾਕਸ ਕੰਪਨੀ 'ਚ ਬਿਤਾਇਆ ਸੀ। ਜੈਰਾਕਸ 'ਚ ਰਹਿੰਦਿਆਂ ਕਾਪੀ-ਪੇਸਟ ਕਮਾਂਡ ਦੀ ਖੋਜ ਕੀਤੀ ਸੀ। ਲਾਰੀ ਦੇ ਦਿਹਾਂਤ 'ਤੇ ਜੈਰਾਕਸ ਨੇ ਟਵੀਟ ਕਰ ਦੇ ਉਨ੍ਹਾਂ ਦੀ ਖੋਜ ਪ੍ਰਸ਼ੰਸਾ ਕਰਦਿਆਂ ਦੁੱਖ ਪ੍ਰਗਟਾਇਆ ਹੈ। ਲਾਰੀ ਟੇਸਲਰ ਦਾ ਜਨਮ 1945 'ਚ ਨਿਊਯਾਰਕ 'ਚ ਹੋਇਆ ਸੀ। ਉਨ੍ਹਾਂ ਨੇ ਕੈਲੀਫੋਰਨੀਆ ਦੇ ਸਟੇਨਫੋਰਡ ਯੂਨੀਵਰਸਿਟੀ ਤੋਂ ਪੜ੍ਹਾਈ ਪੂਰੀ ਕੀਤੀ ਸੀ। ਗ੍ਰੇਜੂਏਸ਼ਨ ਪੂਰਾ ਕਰਨ ਤੋਂ ਬਾਅਦ ਲਾਰੀ ਨੇ ਕੰਪਿਊਟਰ ਦੀ ਵਰਤੋਂ ਨੂੰ ਸੌਖਾ ਬਣਾਉਣ ਲਈ 'ਸਿਸਟਮ ਇੰਟਰਫੇਸ ਡਿਜ਼ਾਈਨ' 'ਚ ਮੁਹਾਰਤ ਹਾਸਲ ਕੀਤੀ ਸੀ। ਆਪਣੇ ਲੰਬੇ ਕਰੀਅਰ 'ਚ ਲਾਰੀ ਨੇ ਕਈ ਟੈਕ ਫ਼ਰਮ ਦੇ ਲਈ ਕੰਮ ਕੀਤਾ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ



132''
88''
8 Seated Sofa

ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741



Experienced, Established & Committed

Alliance Legal Services
Professional Corporation



Legal Counsel:
Jack Fireman, Q.C.



ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?



ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

Gursharan (Bobby) Sidhu
President

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.

Team of Experienced Lawyers & Paralegals serving the community for more than 10 years.

Free Consultation

For Maximum Benefits, Big Settlement & Excellent Service, Call:

Tel: 416-918-9406, 905-696-7946 Toll Free: 1-877-254-2623

1450 Meyerside Dr., Suite #308, Mississauga, ON. L5T 2N5 Fax: 905-696-7953



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# ਸੰਪਾਦਕੀ

## ਕੈਨੇਡਾ ਦੇ ਆਇਲ ਸੈਕਟਰ ਲਈ ਖਤਰਨਾਕ ਮੋੜ

ਵੈਨਕੂਵਰ ਸਥਿਤ ਕੈਨੇਡਾ ਦੀਆਂ ਸੱਭ ਤੋਂ ਵੱਡੀਆਂ ਖਣਿਜ ਪਦਾਰਥਾਂ ਨੂੰ ਕੱਢਣ ਵਾਲੀਆਂ ਕੰਪਨੀਆਂ ਵਿੱਚੋਂ ਇੱਕ ਟੈਕ ਰੀਸੋਰਸਜ਼ ਲਿਮਿਟਡ (Teck Resources Limited) ਨੇ ਅਲਬਰਟਾ ਵਿੱਚ 20 ਬਿਲੀਅਨ ਡਾਲਰ ਦੀ ਲਾਗਤ ਨਾਲ ਕਾਇਮ ਹੋਣ ਜਾ ਰਹੇ ਤੇਲ ਪ੍ਰੋਜੈਕਟ ਵਿੱਚੋਂ ਬਾਹਰ ਨਿਕਲਣ ਦਾ ਫੈਸਲਾ ਕਰ ਲਿਆ ਹੈ। ਕੰਪਨੀ ਦੇ ਇਸ ਫੈਸਲੇ ਨਾਲ ਇਹ ਵਿਵਾਦ ਮੁੜ ਆਰੰਭ ਹੋ ਗਿਆ ਹੈ ਕਿ ਲਿਬਰਲ ਪੱਖੀ ਧਿਰਾਂ ਦੀ ਹਰ ਕੀਮਤ ਉੱਤੇ ਵਾਤਾਵਰਣ ਦੀ ਰਖਵਾਲੀ ਲਈ ਕਰੜੇ ਕਦਮ ਚੁੱਕਣ ਦੀ ਕਾਹਲ ਕੈਨੇਡੀਅਨ ਆਰਥਕਿਤਾ ਲਈ ਕਿੰਨੀ ਕੁ ਮਹਿੰਗੀ ਸਾਬਤ ਹੋਵੇਗੀ। ਪ੍ਰੋਜੈਕਟ ਦੇ ਰੱਦ ਹੋਣ ਤੋਂ ਬਾਅਦ ਜਿਸ ਕਦਰ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਰਮਿਆਨ ਫੋਨ ਉੱਤੇ ਕੁੜਤਣ ਭਰੀ ਗੱਲਬਾਤ ਹੋਈ ਦੱਸੀ ਜਾਂਦੀ ਹੈ, ਉਸਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਗਲੇ ਦਿਨਾਂ ਵਿੱਚ ਵਾਤਾਵਾਰਣ ਅਤੇ ਆਰਥਕਤਾ ਵਿਚਕਾਰ ਤਵਾਜਨ ਪੈਦਾ ਕਰਨ ਬਾਰੇ ਚਰਚਾ ਦੀ ਲੋੜ ਪਹਿਲਾਂ ਨਾਲੋਂ ਵੀ ਜ਼ਿਆਦਾ ਹੋਣ ਜਾ ਰਹੀ ਹੈ।

ਬੀਤੇ ਦਿਨਾਂ ਤੋਂ ਮੂਲਵਾਸੀ ਗਰੁੱਪ ਲਿਬਰਲ ਸਰਕਾਰ ਵੱਲੋਂ ਪਰਵਾਨ ਕੀਤੇ ਗਏ ਇਸ ਪ੍ਰੋਜੈਕਟ ਨੂੰ ਰੱਦ ਕਰਨ ਲਈ ਅੰਦੋਲਨ ਕਰਦੇ ਆ ਰਹੇ ਹਨ ਜਿਸਦਾ ਪ੍ਰਭਾਵ ਸਮੁੱਚੇ ਦੇਸ਼ ਵਿੱਚ ਪਿਆ ਹੈ। ਵੱਖ ਵੱਖ ਥਾਵਾਂ ਉੱਤੇ ਰੇਲਾਂ ਰੋਕਣ ਦੀਆਂ ਘਟਨਾਵਾਂ ਹੋਣ ਕਾਰਣ ਹਜ਼ਾਰਾਂ ਮੁਲਾਜ਼ਮਾਂ ਖਾਸ ਕਰਕੇ ਸੀ ਐਨ ਰੇਲ ਦੇ ਕਰਮਚਾਰੀਆਂ ਨੂੰ ਨੌਕਰੀ ਤੋਂ ਹੱਥ ਧੋਣੇ ਪਏ। IPSOS ਵੱਲੋਂ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ 60% ਕੈਨੇਡੀਅਨ ਇਸ ਗੱਲ ਦੇ ਹੱਕ ਵਿੱਚ ਹਨ ਕਿ ਸਰਕਾਰ ਨੂੰ ਰੇਲ ਰੁਕਾਵਟਾਂ ਹਟਾਉਣ ਲਈ ਸਖ਼ਤ ਕਰਵਾਈ ਕਰਨੀ ਚਾਹੀਦੀ ਹੈ। ਦੂਜੇ ਪਾਸੇ ਫੈਡਰਲ ਸਰਕਾਰ ਲਈ ਇਹ ਸਥਿਤੀ ਦੋ ਧਾਰੀ ਤਲਵਾਰ ਉੱਤੇ ਚੱਲਣ ਵਾਲੀ ਸੀ- ਕੀ ਮੂਲਵਾਸੀਆਂ ਨੂੰ ਖੁਸ਼ ਕਰਨ ਲਈ ਇਸ ਪ੍ਰੋਜੈਕਟ ਨੂੰ ਰੱਦ ਕੀਤਾ ਜਾਵੇ ਜਾਂ ਫੇਰ ਅੰਦੋਲਨਕਰਤਾਵਾਂ ਉੱਤੇ ਪੁਲੀਸ ਐਕਸ਼ਨ ਰਾਹੀਂ ਕਾਬੂ ਕੀਤਾ ਜਾਵੇ ਜਿਹਾ ਕਿ ਫੈਡਰਲ ਕੋਰਟ ਵੱਲੋਂ ਆਦੇਸ਼ ਗਆ ਵੀ ਦਿੱਤੀ ਗਈ ਸੀ। ਸਰਕਾਰ ਨੇ ਇਸ ਦੁਚਿੱਤੀ ਵਿੱਚ ਕਈ ਦਿਨ ਖਰਾਬ ਕਰ ਦਿੱਤੇ। ਟੈਕ ਰੀਸ੍ਰੋਸਜ਼ ਵੱਲੋਂ ਪ੍ਰੋਜੈਕਟ ਨੂੰ ਖਤਮ ਕਰਨ ਦੇ ਐਲਾਨ ਨੇ ਸਰਕਾਰ ਲਈ ਸਥਿਤੀ ਨੂੰ ਬੇਕਾਬੂ ਬਣਾ ਦਿੱਤਾ ਹੈ।

ਬੇਸ਼ੱਕ ਪ੍ਰਧਾਨ ਮੰਤਰੀ ਟਰੂਡੋ ਇਹ ਦਾਅਵਾ ਕਰਨਗੇ ਕਿ ਟੈਕ ਰੀਸੋਰਸਜ਼ ਦੇ ਫੈਸਲੇ ਪਿੱਛੇ ਸਰਕਾਰ ਦਾ ਕੋਈ ਰੋਲ ਨਹੀਂ ਹੈ। ਸੁਆਲ ਹੈ ਕਿ ਜਦੋਂ ਕੰਪਨੀ ਪਿਛਲੇ ਹਫ਼ਤੇ ਤੱਕ ਆਖ ਰਹੀ ਸੀ ਕਿ ਉਸਦੀ ਇਸ ਪ੍ਰੋਜੈਕਟ ਵਿੱਚ ਬੇਹੱਦ ਰੁਚੀ ਹੈ ਤਾਂ ਅਚਾਨਕ ਅਜਿਹਾ ਕੀ ਵਾਪਰ ਗਿਆ? ਖਾਸ ਕਰਕੇ ਜਦੋਂ ਸਰਕਾਰ ਨੇ ਇਸ ਪ੍ਰੋਜੈਕਟ ਨੂੰ ਪਾਸ ਕਰਨ ਜਾਂ ਨਾ ਕਰਨ ਬਾਰੇ ਅੰਤਮ ਫੈਸਲਾ ਇੱਕ ਹਫ਼ਤੇ ਦੇ ਅੰਦਰ ਲੈਣ ਦਾ ਵਾਅਦਾ ਕੀਤਾ ਹੋਇਆ ਸੀ। ਸਰਕਾਰ ਦੀ ਇੱਕ ਉਲਝਣ ਉਹ ਗਰੁੱਪ ਹਨ ਜੋ ਇਸ ਪ੍ਰੋਜੈਕਟ ਨੂੰ ਰੱਦ ਕਰਨ ਬਾਰੇ ਸਰਕਾਰ ਉੱਤੇ ਚਿਰਾਂ ਤੋਂ ਜੋਰ ਪਾ ਰਹੇ ਸਨ। ਇਸ ਸਮੁੱਚੇ ਘਟਨਾਕ੍ਰਮ ਵਿੱਚ ਇੱਕ ਦਿਲਚਸਪ ਗੱਲ ਇਹ ਹੋਈ ਕਿ ਪਰਸੋਂ ਅਲਬਰਟਾ ਦੀ ਕੋਰਟ ਆਫ ਅਪੀਲ ਨੇ ਫੈਡਰਲ ਸਰਕਾਰ ਦੇ ਇਸ ਤਰਕ ਨੂੰ ਰੱਦ ਕਰ ਦਿੱਤਾ ਸੀ ਕਿ ਕਾਰਬਨ ਟੈਕਸ ਲਾਉਣਾ ਉਸਦੇ ਫੈਡਰਲ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਇਹ ਅਦਾਲਤੀ ਫੈਸਲਾ ਇਸ ਲਈ ਵੀ ਮਹੱਤਵਪੂਰਣ ਹੈ ਕਿ ਸਸਕੈਚਵਨ ਅਤੇ ਉਂਟੇਰੀਓ ਵਿੱਚ ਅਦਾਲਤਾਂ ਫੈਡਰਲ ਸਰਕਾਰ ਦੇ ਹੱਕ ਵਿੱਚ ਭੁਗਤ ਚੁੱਕੀਆਂ ਹਨ।

ਤੇਲ ਉਤਪਾਦਨ ਅਤੇ ਵਾਤਾਵਰਣ ਨੂੰ ਲੈ ਕੇ ਜੋ ਅਤੀਅੰਤ ਕਠੋਰ ਸਟੈਂਡ ਲਏ ਜਾਂਦੇ ਹਨ, ਉਹ ਦੇਸ਼ ਲਈ ਖਤਰਾ ਹਨ। ਮਿਸਾਲ ਵਜੋਂ Angus Reid ਦੁਆਰਾ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ 90% ਕੰਜ਼ਰਵੇਟਿਵ ਸਮਰੱਥਕ ਟੈਕ ਰੀਸੋਰਸਜ਼ ਪ੍ਰੋਜੈਕਟ ਨੂੰ ਲਾਗੂ ਕਰਨ ਦੇ ਹੱਕ ਵਿੱਚ ਸਨ ਜਦੋਂ ਕਿ 65% ਦੇ ਲਿਬਰਲ ਅਤੇ ਐਨ ਡੀ ਪੀ ਸਮਰੱਥਕ ਇਸਦੇ ਵਿਰੋਧ ਵਿੱਚ ਦੱਸੇ ਗਏ। ਸਿਆਸੀ ਲੀਹਾਂ ਉੱਤੇ ਪਏ ਪਾੜੇ ਕਾਰਣ ਸਹੀ ਵਕਤ ਉੱਤੇ ਸਹੀ ਫੈਸਲੇ ਲੈਣ ਵਿੱਚ ਮੁਸ਼ਕਲ ਨੇ ਆਉਣਾ ਹੀ ਹੁੰਦਾ ਹੈ ਅਤੇ ਰੱਦ ਹੋਇਆ ਟੈਕ ਰੀਸੋਰਸਜ਼ ਦਾ ਪ੍ਰੋਜੈਕਟ ਉਸਦੀ ਇੱਕ ਮਾੜੀ ਮਿਸਾਲ ਹੈ।

ਲੋੜ ਇਸ ਗੱਲ ਦੀ ਹੈ ਕਿ ਵਾਤਾਵਰਣ ਦੀ ਰਖਵਾਲੀ ਅਤੇ ਤੇਲ ਉਤਪਾਦਨ ਤੋਂ ਹੋਣ ਵਾਲੀ ਆਰਥਕ ਗਤੀਵਿਧੀ ਵਿੱਚ ਤਵਾਜਨ ਬਾਰੇ ਗੰਭੀਰ ਗੱਲਬਾਤ ਦੇ ਪਲੇਟਫਾਰਮ ਖੋਲੇ ਜਾਣ ਜੋ ਸਿਆਸਤ ਦੀ ਦਖ਼ਲਅੰਦਾਜ਼ੀ ਤੋਂ ਮੁਕਤ ਹੋਣ। ਸੋਚਣ ਦੀ ਲੋੜ ਹੈ ਕਿ ਜੇ ਕੈਨੇਡਾ ਵਿੱਚ ਇਸ ਪੱਧਰ ਦਾ ਤੇਲ ਉਤਪਾਦਨ ਪ੍ਰੋਜੈਕਟ ਰੱਦ ਹੋ ਜਾਂਦਾ ਹੈ ਕੀ ਵਿਸ਼ਵ ਮੰਡੀ ਵਿੱਚ ਗਮੀ ਦੀ ਲਹਿਰ ਦੌੜ ਜਾਵੇਗੀ? ਨਹੀਂ ਉਲਟਾ ਅਮਰੀਕਾ, ਰੂਸ, ਸਾਊਦੀ ਅਰਬੀਆ ਵਰਗੇ ਮੁਲਕਾਂ ਵਿੱਚ ਜੋ ਆਪਣੇ ਤੇਲ ਉਤਪਾਦਨ ਦੀ ਸਮਰੱਥਾ ਨੂੰ ਵਧਾ ਲੈਣਗੇ।

# ਨਵੇਂ ਬਲਾਕੇਡ ਹਟਾਉਣ ਲਈ ਪੁਲਿਸ ਨੂੰ ਦਿੱਤੇ ਗਏ ਹੁਕਮ : ਗਾਰਨਿਊ

...ਪੰਨਾ 1 ਦਾ ਬਾਕੀ

ਸੋਮਵਾਰ ਰਾਤ ਨੂੰ ਟਇਨਡਿਨਾਗਾ ਤੋਂ ਪਹਿਲੀ ਰੇਲਗੱਡੀ ਗੁਜ਼ਾਰੀ ਗਈ ਤੇ ਮੰਗਲਵਾਰ ਦੁਪਹਿਰ ਤੱਕ ਗੁਜ਼ਰਨ ਵਾਲੀ ਇਹ ਪਹਿਲੀ ਰੇਲਗੱਡੀ ਹੀ ਰਹੀ। ਸੀਐਨ ਰੇਲ ਵੱਲੋਂ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਅਜੇ ਵੀ ਸਰਵਿਸ ਪੂਰੀ ਤਰ੍ਹਾਂ ਸ਼ੁਰੂ ਕਿਉਂ ਨਹੀਂ ਹੋਈ ਹੈ। ਸੋਮਵਾਰ ਨੂੰ ਹੋਈਆਂ ਗ੍ਰਿਫਤਾਰੀਆਂ ਤੋਂ ਬਾਅਦ ਦੇਸ਼ ਭਰ ਵਿੱਚ ਕਈ ਹੋਰਨਾਂ ਥਾਂਵਾਂ ਉੱਤੇ ਬਲਾਕੇਡਜ਼ ਲਾਏ ਗਏ ਤੇ ਮੁਜ਼ਾਹਰੇ ਕੀਤੇ ਗਏ।

ਇਸ ਦੌਰਾਨ ਬੀਸੀ ਵਿਚ ਮੁਜ਼ਾਹਰਾਕਾਰੀਆਂ ਨੇ ਪੋਰਟ ਆਫ ਵੈਨਕੂਵਰ ਉੱਤੇ ਬਲਾਕੇਡ ਜਾਰੀ ਰੱਖਿਆ ਤੇ ਬੀਸੀ ਦੀ ਵਿਧਾਨਸਭਾ ਦੇ ਬਾਹਰ ਮੁਜ਼ਾਹਰਾ ਕੀਤਾ। ਇੱਥੇ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ ਇੰਡੀਜੀਨਸ ਸਰਵਿਸਿਜ਼ ਮੰਤਰੀ ਮਾਰਕ ਮਿਲਰ ਨੇ ਆਖਿਆ ਕਿ ਸਰਕਾਰ ਇਸ ਵਿਵਾਦ ਦਾ ਸ਼ਾਂਤਮਈ ਢੰਗ ਨਾਲ ਹੱਲ ਲੱਭਣ ਲਈ ਕੰਮ ਕਰ ਰਹੀ ਹੈ।

# ਐਨਡੀਪੀ ਵੱਲੋਂ ਯੂਨੀਵਰਸਲ ਫਾਰਮਾਕੇਅਰ ਪ੍ਰੋਗਰਾਮ ਸਬੰਧੀ ਬਿੱਲ ਪੇਸ਼

...ਪੰਨਾ 1 ਦਾ ਬਾਕੀ

ਇਸ ਦੌਰਾਨ ਜਗਮੀਤ ਸਿੰਘ ਨੇ ਫਾਰਮਾਕੇਅਰ ਦੇ ਮਾਮਲੇ ਵਿੱਚ ਲਿਬਰਲਾਂ ਉੱਤੇ ਜਕਾਂ ਤਕਾਂ ਕਰਨ ਦਾ ਦੋਸ਼ ਵੀ ਲਾਇਆ। ਪਰ ਇਸ ਦੇ ਨਾਲ ਹੀ ਉਨ੍ਹਾਂ ਸਰਕਾਰ ਨੂੰ ਇਸ ਬਿੱਲ ਉੱਤੇ ਸਹੀ ਪਾ ਕੇ ਇਸ ਸੁਪਨੇ ਨੂੰ 2022 ਤੱਕ ਸਾਕਾਰ ਕਰਨ ਲਈ ਆਖਿਆ। ਇਸ ਮੌਕੇ ਸਿਹਤ ਮੰਤਰੀ ਪੈਟੀ ਹਾਜ਼ਦੂ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਕੀ ਉਹ ਇਸ ਬਿੱਲ ਦਾ ਸਮਰਥਨ ਕਰਦੇ ਹਨ ਤਾਂ ਉਨ੍ਹਾਂ ਆਖਿਆ ਕਿ ਇਹ ਬਹੁਤ ਹੀ ਵਧੀਆ ਗੱਲ ਹੋਵੇਗੀ ਕਿ ਲੋਕਾਂ ਨੂੰ ਖਾਣੇ ਜਾਂ ਦਵਾਈਆਂ ਵਿੱਚੋਂ ਕਿਸੇ ਇੱਕ ਦੀ ਚੋਣ ਨਹੀਂ ਕਰਨੀ ਹੋਵੇਗੀ। ਅਸੀਂ ਇਸ ਟੀਚੇ ਨੂੰ ਪੂਰਾ ਕਰਨ ਵੱਲ ਅਹਿਮ ਕਦਮ ਚੁੱਕੇ ਹਨ ਤੇ ਅਸੀਂ ਸਾਰੇ ਕੈਨੇਡੀਅਨਾਂ, ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਰਲ ਕੇ ਕੰਮ ਕਰਦੇ ਰਹਾਂਗੇ।

# ਲਿਬਰਲਾਂ ਦੇ ਮੁਕਾਬਲੇ ਕੰਜ਼ਰਵੇਟਿਵਾਂ ਦਾ ਆਧਾਰ ਹੋਇਆ ਮਜ਼ਬੂਤ : ਨੈਨੋਜ਼

...ਪੰਨਾ 1 ਦਾ ਬਾਕੀ

ਹਰ ਕਿਸੇ ਨੂੰ ਖੁਸ਼ ਕਰਨਾ ਬਹੁਤ ਔਖਾ ਹੈ ਕਿਉਂਕਿ ਜਿਨ੍ਹਾਂ ਕੈਨੇਡੀਅਨਾਂ ਦਾ ਝੁਕਾਅ ਵਾਤਾਵਰਣ ਪੱਖੀ ਹੈ ਉਹ ਪਾਈਪਲਾਈਨਾਂ ਨਹੀਂ ਚਾਹੁੰਦੇ। ਜਿਹੜੇ ਕੈਨੇਡੀਅਨ ਨੌਕਰੀਆਂ ਚਾਹੁੰਦੇ ਹਨ ਤੇ ਰੋਜ਼ਗਾਰ ਦੇ ਸਰੋਤ ਚਾਹੁੰਦੇ ਹਨ ਉਹ ਇਸ ਸਰਕਾਰ ਵੱਲੋਂ ਵਾਤਾਵਰਣ ਸਬੰਧੀ ਦਿੱਤੇ ਜਾ ਰਹੇ ਨਿਰਦੇਸ਼ਾਂ ਤੋਂ ਸਹਿਜ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਨੈਨੋਜ਼ ਵੱਲੋਂ ਪਾਈਪਲਾਈਨਜ਼ ਦੇ ਸਬੰਧ ਵਿੱਚ ਕੈਨੇਡੀਅਨਾਂ ਦੇ ਵਿਚਾਰ ਜਾਨਣ ਲਈ ਇੱਕ ਵੱਖਰਾ ਸਰਵੇ ਕਰਵਾਇਆ ਗਿਆ ਸੀ। ਉਸ ਸਰਵੇ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 47 ਫੀ ਸਦੀ ਦਾ ਕਹਿਣਾ ਸੀ ਕਿ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਕੈਨੇਡਾ ਨੂੰ ਪਾਈਪਲਾਈਨ ਪ੍ਰੋਜੈਕਟਾਂ ਦੀ ਲੋੜ ਹੈ ਜਦਕਿ 43 ਫੀ ਸਦੀ ਦਾ ਮੰਨਣਾ ਸੀ ਕਿ ਅਜਿਹੇ ਪ੍ਰੋਜੈਕਟ ਬੰਦ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਇਨ੍ਹਾਂ ਦਾ ਅਸਰ ਕਲਾਈਮੇਟ ਚੇਂਜ ਉੱਤੇ ਪੈਂਦਾ ਹੈ। ਦਸ ਫੀ ਸਦੀ ਦੀ ਇਨ੍ਹਾਂ ਮੁੱਦਿਆਂ ਬਾਰੇ ਕੋਈ ਸਪਸ਼ਟ ਰਾਇ ਨਹੀਂ ਸੀ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਐਨ ਆਰ ਆਈ ਸਭਾ ਦੀ ਚੋਣ: ਜਸਬੀਰ ਗਿੱਲ, ਨਾਰੰਗਪੁਰ ਤੇ ਸਹੋਤਾ ਵਿਚਾਲੇ ਮੁਕਾਬਲਾ

ਜਲੰਧਰ, 25 ਫਰਵਰੀ (ਪੋਸਟ ਬਿਊਰੋ)- ਐਨ ਆਰ ਆਈ ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਲਈ ਮੁੱਖ ਮੁਕਾਬਲਾ ਦੋ ਸਾਬਕਾ ਪ੍ਰਧਾਨਾਂ ਜਸਬੀਰ ਸਿੰਘ ਗਿੱਲ, ਪ੍ਰੀਤਮ ਸਿੰਘ ਨਾਰੰਗਪੁਰ ਅਤੇ ਪਹਿਲੀ ਵਾਰ ਉਮੀਦਵਾਰ ਬਣੇ ਕਿਰਪਾਲ ਸਿੰਘ ਸਹੋਤਾ ਵਿਚਾਲੇ ਹੋਵੇਗਾ। ਕੱਲ੍ਹ ਸਾਬਕਾ ਪ੍ਰਧਾਨ ਜਸਬੀਰ ਸਿੰਘ ਗਿੱਲ ਦੀ ਪਤਨੀ ਗੁਰਵਿੰਦਰਜੀਤ ਕੌਰ ਗਿੱਲ ਨੇ ਆਪਣੇ ਕਾਗਜ਼, ਜਿਹੜੇ ਕਵਰਿੰਗ ਉਮੀਦਵਾਰ ਵਜੋਂ ਭਰੇ ਸਨ, ਵਾਪਸ ਲੈ ਲਏ, ਜਿਸ ਕਾਰਨ ਚੋਣ ਮੈਦਾਨ 'ਚ ਤਿੰਨ ਉਮੀਦਵਾਰ ਰਹਿ ਗਏ ਹਨ, ਜਿਨ੍ਹਾਂ ਵਿਚਾਲੇ ਤਿਕੋਣਾ ਮੁਕਾਬਲਾ ਹੋਣ ਵਾਲਾ ਹੈ। ਵਰਨਣ ਯੋਗ ਹੈ ਕਿ 20 ਫਰਵਰੀ ਨੂੰ ਐਨ ਆਰ ਆਈ ਸਭਾ ਦੀ ਪ੍ਰਧਾਨਗੀ ਲਈ ਉਮੀਦਵਾਰਾਂ ਵਿਚਾਲੇ ਸਰਬ ਸੰਮਤੀ ਬਣਾਉਣ ਲਈ ਮੀਟਿੰਗ ਕਾਰਵਾਈ ਗਈ, ਪਰ ਇਸ ਵਿੱਚ ਪ੍ਰੀਤਮ ਸਿੰਘ ਨਾਰੰਗਪੁਰ ਨਹੀਂ ਆਏ ਸਨ ਅਤੇ ਇਹ ਮੀਟਿੰਗ ਬੇਸਿੱਟਾ ਰਹੀ ਸੀ। ਪਿਛਲੇ ਸਮੇਂ ਦੌਰਾਨ ਐਨ ਆਰ ਆਈ ਸਭਾ ਦੇ ਪ੍ਰਧਾਨ ਵਜੋਂ ਕੰਮ ਕਰ ਚੁੱਕੇ ਜਸਬੀਰ ਸਿੰਘ ਗਿੱਲ ਦੀਆਂ ਇਸ ਵਾਰ ਵੋਟਾਂ ਵੰਡੇ ਜਾਣ ਦੇ ਆਸਾਰ ਹਨ ਕਿਉਂਕਿ ਵਿਰੋਧੀ ਉਮੀਦਵਾਰ ਕਿਰਪਾਲ ਸਿੰਘ ਸਹੋਤਾ ਗਿੱਲ ਪਰਵਾਰ ਦੇ ਨਜ਼ਦੀਕੀ ਰਹੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਭਤੀਜੇ ਜਗਬੀਰ ਸਿੰਘ ਗਿੱਲ ਦੀ ਹਮਾਇਤ ਪ੍ਰਾਪਤ ਹੈ।

# ਭਾਰਤ-ਅਮਰੀਕਾ ਦਾ 300 ਕਰੋੜ ਡਾਲਰ ਦਾ ਡਿਫੈਂਸ ਸੌਦਾ ਸਿਰੇ ਚੜ੍ਹਿਆ

ਨਵੀਂ ਦਿੱਲੀ, 25 ਫਰਵਰੀ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਭਾਰਤ ਯਾਤਰਾ ਦੇ ਦੂਜੇ ਦਿਨ ਅੱਜ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਰਸਮੀ ਮੁਲਾਕਾਤ ਕੀਤੀ ਤਾਂ ਹੈਦਰਾਬਾਦ ਹਾਊਸ ਵਿਚ ਹੋਈ ਇਸ ਮੀਟਿੰਗ ਪਿੱਛੋਂ ਦੋਵੇਂ ਨੇਤਾਵਾਂ ਨੇ ਸਾਂਝਾ ਬਿਆਨ ਜਾਰੀ ਕੀਤਾ ਕਿ ਦੋਵੇਂ ਦੇਸ਼ਾਂ ਵਿਚ 3 ਅਰਬ ਡਾਲਰ ਦਾ ਰੱਖਿਆ ਸੌਦਾ ਸਿਰੇ ਚੜ੍ਹ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਵੇਂ ਨੇਤਾਵਾਂ ਹੋਈ ਗੱਲਬਾਤ ਹੋਈ ਤੇ ਦੋਵੇਂ ਦੇਸ਼ਾਂ ਦੇ ਸਬੰਧ ਸਿਖਰਾਂ ਉੱਤੇ ਪਹੁੰਚਣ ਬਾਰੇ ਦੱਸਿਆ।



ਇਸ ਮੌਕੇ ਮੋਦੀ ਨੇ ਕਿਹਾ ਕਿ ਬੀਤੇ ਅੱਠ ਮਹੀਨਿਆਂ ਵਿਚ ਰਾਸ਼ਟਰਪਤੀ ਟਰੰਪ ਅਤੇ ਮੇਰੇ ਵਿਚਾਲੇ ਇਹ ਪੰਜਵੀਂ ਮੁਲਾਕਾਤ ਹੈ ਅਤੇ ਪਿਛਲੇ 4 ਸਾਲਾਂ ਵਿਚ ਅਮਰੀਕਾ ਅਤੇ ਭਾਰਤ ਵਿਚਾਲੇ ਕੁਲ ਐਨਰਜੀ ਵਪਾਰ ਲਗਪਗ 20 ਬਿਲੀਅਨ ਡਾਲਰ ਦਾ ਹੋ ਗਿਆ ਹੈ। ਉਨ੍ਹਾ ਦੱਸਿਆ ਕਿ ਇੰਡਸਟਰੀ 4.0 ਅਤੇ 21ਵੀਂ ਸਦੀ ਦੀਆਂ ਹੋਰ ਉਭਰਦੀਆਂ ਟੈਕਨਾਲੋਜੀਆਂ ਉੱਤੇ ਭਾਰਤ-ਅਮਰੀਕਾ ਸਾਂਝ, ਇਨੋਵੇਸ਼ਨ ਤੇ ਐਂਟਰਪ੍ਰਾਈਜ਼ ਦੇ ਨਵੇਂ ਪੱਧਰ ਤੈਅ ਕਰ ਰਹੀ ਹੈ। ਭਾਰਤੀ ਪ੍ਰੋਫੈਸ਼ਨਲਸ ਦੇ ਟੈਲੇਂਟ ਨੇ ਅਮਰੀਕੀ ਕੰਪਨੀਆਂ ਦੀ ਟੈਕਨਾਲੋਜੀ ਅਗਵਾਈ ਹੋਰ ਮਜਬੂਤ ਕੀਤੀ ਹੈ। ਭਾਰਤ-ਅਮਰੀਕਾ ਸਹਿਯੋਗ ਸੰਸਾਰ ਪੱਧਰ ਉੱਤੇ ਬਰਾਬਰ ਲੋਕਤੰਤਰਿਕ ਕੀਮਤਾਂ ਅਤੇ ਉਦੇਸ਼ਾਂ ਉੱਤੇ ਅਧਾਰਤ ਹੈ, ਖਾਸ ਕਰਕੇ ਇੰਡੋ ਪੈਸੇਫਿਕ ਅਤੇ ਗਲੋਬਲ ਕਾਮਨਸ ਵਿਚ ਰੂਲ ਬੇਸਡ ਇੰਟਰਨੈਸ਼ਨਲ ਆਰਡਰ ਲਈ ਇਹ ਸਹਿਯੋਗ ਖਾਸ ਮਹੱਤਵ ਰੱਖਦਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਮੈਂ ਕੱਟੜਪੰਥੀ ਇਸਲਾਮੀ ਅੱਤਵਾਦ ਤੋਂ ਸਾਡੇ ਨਾਗਰਿਕਾਂ ਦੀ ਰੱਖਿਆ ਲਈ ਦੋਵੇਂ ਪ੍ਰਤੀਬੱਧ ਹਾਂ। ਇਸ ਕੋਸ਼ਿਸ਼ ਵਿਚ ਅਮਰੀਕਾ ਪਾਕਿਸਤਾਨ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਤਾਂ ਜੋ ਉਸ ਦੀ ਧਰਤੀ ਉੱਤੇ ਅੱਤਵਾਦੀ ਦਾ ਸਾਹਮਣਾ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਸਾਡੇ ਅਪਾਚੇ ਅਤੇ ਐਮ ਐਚ 60 ਰੋਮੀਓ ਹੈਲੀਕਾਪਟਰ ਸਣੇ ਦੁਨੀਆ ਵਿਚ ਬਿਹਤਰੀਨ ਅਮਰੀਕੀ ਫੌਜੀ ਜੰਤਰਾਂ ਦੀ 3 ਅਰਬ ਡਾਲਰ ਤੋਂ ਵੱਧ ਦੀ ਖ਼ਰੀਦ ਵਾਸਤੇ ਭਾਰਤ ਨਾਲ ਸਮਝੌਤਾ ਹੋ ਗਿਆ ਹੈ। ਅਸੀਂ ਦੋਵਾਂ ਨੇ ਸੁਰੱਖਿਅਤ 5ਜੀ ਵਾਇਰਲੈੱਸ ਨੈਟਵਰਕ ਬਾਰੇ ਵੀ ਚਰਚਾ ਕੀਤੀ ਹੈ ਤੇ ਇਸ ਉਭਰਦੀ ਤਕਨੀਕ ਲਈ ਇਕੱਠੇ ਕੰਮ ਕਰਨ ਦੀ ਲੋੜ ਹੈ।

# ਸੱਤ ਮਹੀਨਿਆਂ ਮਗਰੋਂ ਕਸ਼ਮੀਰ ਵਾਦੀ ਵਿੱਚ ਸਕੂਲ ਖੁੱਲ੍ਹੇ



ਸ੍ਰੀਨਗਰ, 25 ਫਰਵਰੀ (ਪੋਸਟ ਬਿਊਰੋ)- ਕਸ਼ਮੀਰ ਵਾਦੀ ਵਿੱਚ ਕੱਲ੍ਹ ਕਰੀਬ ਸੱਤ ਮਹੀਨਿਆਂ ਪਿੱਛੋਂ ਸਕੂਲ ਖੁੱਲ੍ਹੇ ਅਤੇ ਹਜ਼ਾਰਾਂ ਵਿਦਿਆਰਥੀ ਵਰਦੀਆਂ ਪਹਿਨ ਕੇ ਸਕੂਲਾਂ ਵਿੱਚ ਪੁੱਜੇ। ਜੰਮੂ ਕਸ਼ਮੀਰ ਵਿੱਚੋਂ ਪਿਛਲੇ ਵਰ੍ਹੇ 5 ਅਗਸਤ ਨੂੰ ਧਾਰਾ 370 ਹਟਾਏ ਜਾਣ ਪਿੱਛੋਂ ਦੇ ਹਾਲਾਤ ਅਤੇ ਸਰਦ ਰੁੱਤ ਦੀਆਂ ਛੁੱਟੀਆਂ ਕਾਰਨ ਸਕੂਲ ਬੰਦ ਪਏ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਸਕੂਲਾਂ ਵਿੱਚ ਹਾਜ਼ਰ ਹੋਣ ਵਾਸਤੇ ਸਾਰੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਕਈ ਮਹੀਨਿਆਂ ਪਿੱਛੋਂ ਸਕੂਲ ਵਿੱਚ ਵਾਪਸੀ ਕਰਕੇ ਵਿਦਿਆਰਥੀ ਬਾਗੋਬਾਗ਼ ਹਨ। ਇਥੇ ਨਿੱਜੀ ਸਕੂਲ ਦੀ ਛੇਵੀ ਜਮਾਤ ਦੇ ਵਿਦਿਆਰਥੀ ਜ਼ੀਆ ਜਾਵੇਦ ਨੇ ਕਿਹਾ, "ਏਨੇ ਮਹੀਨਿਆਂ ਬਾਅਦ ਆਪਣੇ ਸਕੂਲ ਅਤੇ ਜਮਾਤ ਵਿੱਚ ਵਾਪਸੀ ਕਰਕੇ ਬਹੁਤ ਚੰਗਾ ਲੱਗਾ ਹੈ।" ਜਾਵੇਦ ਨੇ ਦੱਸਿਆ ਕਿ ਆਪਣੇ ਦੋਸਤਾਂ ਅਤੇ ਜਮਾਤੀਆਂ ਨੂੰ ਮਿਲ ਕੇ ਬਹੁਤ ਚੰਗਾ ਲੱਗਾ ਰਿਹਾ ਹੈ। ਚੌਥੀ ਜਮਾਤ ਦੇ ਨੁਮਾਨ ਨੇ ਕਿਹਾ, "ਮੈਂ ਪਿਛਲੇ ਮਹੀਨਿਆਂ ਵਿੱਚ ਤਿੰਨ-ਚਾਰ ਵਾਰ ਸਕੂਲ ਗਿਆ ਅਤੇ ਆਪਣਾ ਕੰਮ ਲੈ ਕੇ ਆ ਗਿਆ, ਪਰ ਕਲਾਸਾਂ ਨਹੀਂ ਲੱਗਦੀਆਂ ਸਨ। ਮੈਂ ਕਲਾਸਾਂ ਲਾਉਣਾ ਚਾਹੁੰਦਾ ਹਾਂ ਕਿਉਂਕਿ ਮੈਂ ਪੜ੍ਹਨਾ ਚਾਹੁੰਦਾ ਹਾਂ ਅਤੇ ਡਾਕਟਰ ਬਣਨਾ ਚਾਹੁੰਦਾ ਹਾਂ।" ਅਧਿਆਪਕਾਂ ਨੇ ਆਉਂਦੇ ਸਮੇਂ ਵਿੱਚ ਚੰਗਾ ਸਾਲ ਹੋਣ ਦੀ ਆਸ ਪ੍ਰਗਟ ਕਰਦੇ ਹੋਏ ਕਿਹਾ ਕਿ ਪਿਛਲੇ ਵਰ੍ਹੇ ਵਾਦੀ ਦੇ ਹਾਲਾਤ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਅਸਰ ਪਿਆ ਹੈ।

ਇੱਕ ਨਿੱਜੀ ਸਕੂਲ ਦੀ ਅਧਿਆਪਕਾ ਨੇ ਕਿਹਾ, "ਸਿਆਸਤ ਦੀ ਗੱਲ ਕੀਤੇ ਬਿਨ੍ਹਾਂ ਮੈਂ ਕਹਿਣਾ ਚਾਹੁੰਦੀ ਹਾਂ ਕਿ ਪਿਛਲੇ ਵਰ੍ਹੇ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋਇਆ ਹੈ। ਮੈਂ ਚਾਹੁੰਦੀ ਹਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਲਗਾਤਾਰ ਅਤੇ ਨਿਰਵਿਘਨ ਚੱਲੇ ਅਤੇ ਆਸ ਕਰਦੀ ਹਾਂ ਕਿ ਅਗਲੇ ਵਰ੍ਹੇ ਪੜ੍ਹਾਈ ਵਿੱਚ ਕੋਈ ਵਿਘਨ ਨਾ ਪਵੇ।"

ਵਰਨਣ ਯੋਗ ਹੈ ਕਿ ਪਹਿਲਾਂ ਵੀ ਸਰਕਾਰ ਨੇ ਪੜਾਅਵਾਰ ਸਕੂਲ ਖੁਲ੍ਹਵਾਉਣ ਲਈ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਸਨ, ਪਰ ਸੁਰੱਖਿਆ ਤੋਂ ਚਿੰਤਤ ਮਾਪੇ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਨੂੰ ਤਿਆਰ ਨਹੀਂ ਹੋਏ। ਪਿਛਲੇ ਸਾਲ ਦੇ ਅਖ਼ੀਰ ਵਿੱਚ ਵਾਦੀ ਦੇ ਕੁਝ ਸਕੂਲ ਖੋਲੇ ਗਏ, ਪਰ ਵਿਦਿਆਰਥੀਆਂ ਨੂੰ ਬਿਨ੍ਹਾਂ ਵਰਦੀ ਤੋਂ ਸਕੂਲ ਆਉਣ ਲਈ ਆਖਿਆ ਗਿਆ ਸੀ। ਕਸ਼ਮੀਰ ਸਕੂਲ ਸਿੱਖਿਆ ਦੇ ਡਾਇਰੈਕਟਰ ਮੁਹੰਮਦ ਯੂਨਿਸ ਮਲਿਕ ਨੇ ਅਧਿਆਪਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਿਦਿਆਰਥੀਆਂ ਦੇ ਬਿਹਤਰ ਭਵਿੱਖ ਲਈ ਵਧੇਰੇ ਜ਼ਿੰਮੇਵਾਰੀ ਨਾਲ ਮਿਹਨਤ ਕਰਕੇ ਸਿਲੇਬਸ ਪੂਰਾ ਕਰਵਾ ਦੇਣ।

# ਟਰੇਨ ਦੀ ਲਪੇਟ ਵਿੱਚ ਆਉਣ ਨਾਲ 56 ਸਾਲਾ ਕੀ-ਮੈਨ ਦੀ ਮੌਤ

ਜਲੰਧਰ, 25 ਫਰਵਰੀ (ਪੋਸਟ ਬਿਊਰੋ)- ਬਾਠ ਕੈਸਲ ਦੇ ਪਿੱਛੇ ਕੱਲ੍ਹ ਸਵੇਰੇ ਬਨਾਰਸ ਤੋਂ ਜੰਮੂ ਆ ਰਹੀ ਬੇਗਮਪੁਰਾ ਐਕਸਪ੍ਰੈਸ ਟਰੇਨ ਦੀ ਲਪੇਟ 'ਚ ਆਉਣ ਨਾਲ 56 ਸਾਲਾ ਕੀ-ਮੈਨ ਦੀ ਮੌਤ ਹੋ ਗਈ।

ਇਸ ਕੇਸ ਦੀ ਜਾਂਚ ਕਰ ਰਹੇ ਜੀ ਆਰ ਪੀ ਚੌਕੀ ਜਲੰਧਰ ਕੈਂਟ ਦੇ ਇੰਚਾਰਜ ਐੱਸ ਆਈ ਅਸ਼ੋਕ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਲਾਲ ਬਿਹਾਰੀ ਪੁੱਤਰ ਰਘੂਨਾਥ ਵਾਸੀ ਝਾਰਖੰਡ ਵਜੋਂ ਹੋਈ ਹੈ। ਮ੍ਰਿਤਕ ਲਾਲ ਬਿਹਾਰੀ ਪਰਾਗਪੁਰ ਤੋਂ ਜਲੰਧਰ ਕੈਂਟ ਸਟੇਸ਼ਨ ਤੱਕ ਸਵੇਰੇ ਪੰਜ ਵਜੇ ਤੋਂ ਡਿਊਟੀ ਕਰਦਾ ਸੀ। ਹਾਦਸੇ ਸਮੇਂ ਵੀ ਉਹ ਡਿਊਟੀ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਆਈ ਟਰੇਨ ਬਾਰੇ ਉਸ ਨੂੰ ਪਤਾ ਨਹੀਂ ਲੱਗਾ ਅਤੇ ਉਹ ਉਸ ਦੇ ਹੇਠਾਂ ਆ ਗਿਆ। ਉਸ ਕੋਲੋਂ ਮਿਲੇ ਮੋਬਾਈਲ ਤੋਂ ਲੱਗਦਾ ਹੈ ਕਿ ਹਾਦਸੇ ਸਮੇਂ ਹੋ ਸਕਦਾ ਹੈ ਕਿ ਕਿਸੇ ਨਾਲ ਫੋਨ 'ਤੇ ਗੱਲ ਕਰਦਾ ਹੋਵੇ। ਮ੍ਰਿਤਕ ਪਰਾਗਪੁਰ 'ਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਉਸ ਦੇ ਤਿੰਨ ਬੇਟੇ ਤੇ ਤਿੰਨ ਬੇਟੀਆਂ ਹਨ। ਬੇਟੀਆਂ ਦਾ ਵਿਆਹ ਹੋ ਚੁੱਕਾ ਹੈ ਅਤੇ ਦੋ ਬੇਟੇ ਝਾਰਖੰਡ 'ਚ ਰਹਿੰਦੇ ਹਨ। ਇੱਕ ਬੇਟਾ ਦੁਬਈ 'ਚ ਹੈ।


















# ਅਦਾਲਤਾਂ, ਬੰਦੇ ਤੇ ਬਿਰਖ

-ਗੁਰਦੀਪ ਸਿੰਘ ਢੁੱਡੀ

ਮਾਰਚ 2001 ਵਿੱਚ ਮੇਰੇ ਨਾਲ ਇਕ ਘਟਨਾ ਵਾਪਰ ਗਈ। ਦਸਵੀਂ ਜਮਾਤ ਦੇ ਪੇਪਰਾਂ 'ਚ ਮੇਰੀ ਆਬਜ਼ਰਵਰ ਦੀ ਡਿਊਟੀ ਲੱਗੀ ਸੀ। ਉਸ ਦਿਨ ਦੀ ਪ੍ਰੀਖਿਆ ਵਿੱਚ ਮੈਂ ਨਕਲ ਬਿਲਕੁਲ ਬੰਦ ਕਰ ਦਿੱਤੀ। ਨਕਲ ਰੋਕਣ ਕਾਰਨ ਪ੍ਰੀਖਿਆ ਹਾਲ ਵਿੱਚੋਂ ਬਾਹਰ ਨਿਕਲ ਕੇ ਘਰ ਆਉਣ ਲੱਗੇ ਨੂੰ ਕੁਝ ਮੁੰਡਿਆਂ ਨੇ ਮੈਨੂੰ ਘੇਰ ਲਿਆ। ਉਨ੍ਹਾਂ ਦੀ ਇਸ ਕਾਰਵਾਈ ਦਾ ਅਧਿਆਪਕ ਜਥੇਬੰਦੀਆਂ ਨੇ ਨੋਟਿਸ ਲਿਆ ਅਤੇ ਕਾਰਵਾਈ ਦੀ ਮੰਗ ਕੀਤੀ। ਇਨ੍ਹਾਂ ਮੁੰਡਿਆਂ 'ਚ ਹੇਠਲੇ ਪੱਧਰ ਦੇ ਇਕ ਸਿਆਸੀ ਆਗੂ ਦਾ ਲੜਕਾ ਸ਼ਾਮਲ ਸੀ। ਅਧਿਆਪਕ ਜਥੇਬੰਦੀਆਂ ਦੇ ਵਧੇਰੇ ਦਬਾਅ ਤੇ ਇਕ ਪੰਜਾਬੀ ਅਖਬਾਰ ਦੇ ਉਸ ਵੇਲੇ ਦੇ ਇਕ ਪੱਤਰਕਾਰ ਵੱਲੋਂ ਭੇਜੀਆਂ ਖਬਰਾਂ ਸਦਕਾ ਪੁਲਸ ਨੂੰ ਕਾਰਵਾਈ ਵੀ ਕਰਨੀ ਪਈ। ਲੜਕਿਆਂ 'ਤੇ ਪੁਲਸ ਕੇਸ ਬਣ ਗਿਆ (ਫਿਰ ਵੀ ਪੁਲਸ ਨੇ ਸਿਆਸੀ ਵਿਅਕਤੀ ਦੇ ਲੜਕੇ ਦਾ ਨਾਂ ਐਫ ਆਈ ਆਰ ਵਿੱਚ ਨਾ ਪਾਇਆ) ਅਤੇ ਥੋੜ੍ਹੇ ਸਮੇਂ ਬਾਅਦ ਪੁਲਸ ਵੱਲੋਂ ਚਲਾਨ ਕਰਨ 'ਤੇ ਇਹ ਕੇਸ ਅਦਾਲਤ ਵਿੱਚ ਚਲਾ ਗਿਆ।

ਹੁਣ ਤੱਕ ਜਥੇਬੰਦੀਆਂ ਦਾ ਧਿਆਨ ਇਸ ਕੇਸ ਤੋਂ ਹੱਟ ਗਿਆ ਸੀ। ਦੋ ਤਿੰਨ ਦੋਸਤਾਂ ਦੇ ਨਾਲ ਜਦੋਂ ਅਦਾਲਤ ਵਿੱਚ ਜਾਣਾ ਪਿਆ ਤਾਂ ਅਸੀਂ ਸਲਾਹ ਕਰਕੇ ਲੜਕਿਆਂ ਵੱਲੋਂ ਮੁਆਫੀ ਮੰਗੇ ਜਾਣ ਕਰਕੇ ਅਦਾਲਤ ਵਿੱਚ ਲੜਕਿਆਂ ਨੂੰ ਮੁਆਫੀ ਲਿਖ ਕੇ ਦੇ ਦਿੱਤੀ। ਨਾ ਇਸ ਤੋਂ ਪਹਿਲਾਂ ਤੇ ਨਾ ਬਾਅਦ ਵਿੱਚ ਕਿਸੇ ਅਦਾਲਤੀ ਝਗੜੇ ਦਾ ਕੁਝ ਇਲਮ ਸੀ। ਅਸਲ ਵਿੱਚ ਇਹ ਕੇਸ ਛੱਡਣ ਦਾ ਕਾਰਨ ਇਹ ਸੀ ਕਿ ਲੜਕੇ ਮੁੜ੍ਹ-ਮੱਤ ਕਾਰਨ ਗਲਤੀ ਕਰ ਬੈਠੇ ਸਨ। ਇਸ ਲਈ ਕਿਤੇ ਉਨ੍ਹਾਂ ਦਾ ਜ਼ਿਆਦਾ ਨੁਕਸਾਨ ਨਾ ਹੋ ਜਾਵੇ। ਦੂਸਰਾ, ਉਕਸਾਉਣ ਵਾਲਾ ਸਿਆਸੀ ਆਗੂ ਦਾ ਲੜਕਾ ਪਹਿਲਾਂ ਹੀ ਕੇਸ ਤੋਂ ਬਾਹਰ ਕਰ ਦਿੱਤਾ ਗਿਆ ਸੀ।

ਉਸ ਤੋਂ ਬਾਅਦ 2013 ਦੇ ਅਖੀਰ ਉੱਤੇ ਇਕ ਵਕੀਲ ਵੱਲੋਂ ਇਕ ਵਿਅਕਤੀ ਦੀ ਮਾਣਹਾਨੀ ਕਰਨ ਦਾ ਦੋਸ਼ ਲੱਗਿਆ ਲੀਗਲ ਨੋਟਿਸ ਮਿ-ਲਿਆ। ਇਹ ਵਿਅਕਤੀ ਮੇਰੇ ਹੀ ਸਕੂਲ ਦਾ ਅਧਿਆਪਕ ਸੀ। ਮੇਰੇ 'ਤੇ ਦੋਸ਼ ਸੀ ਕਿ ਸਟਾਫ ਮੀਟਿੰਗ ਵਿੱਚ ਅਧਿਆਪਕ ਦੀ ਸ਼ਾਨ ਦੇ ਖਿਲਾਫ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਲੀਗਲ ਪੱਤਰ ਵਿੱਚ ਜੋ ਕੁਝ ਲਿਖਿਆ ਸੀ, ਉਨ੍ਹਾਂ ਸ਼ਬਦਾਂ ਦੀ ਵਰਤੋਂ ਮੈਂ ਕੀਤੀ ਹੀ ਨਹੀਂ ਸੀ। ਮੈਨੂੰ ਲੱਗਿਆ ਕਿ ਇਹ ਐਵੇਂ ਡਰਾਵਾ ਮਾਰਨ ਵਾਲੀ ਗਿੱਦੜ ਭਬਕੀ ਹੈ। ਇਸ ਲਈ ਮੈਂ 'ਲੀਗਲ ਨੋਟਿਸ' ਨੂੰ ਗੰਭੀਰਤਾ ਨਾਲ ਨਹੀਂ ਲਿਆ। ਅਖੀਰ ਲੀਗਲ ਨੋਟਿਸ ਤੋਂ ਇਹ ਅਦਾਲਤੀ ਕੇਸ ਬਣ ਗਿਆ ਤੇ ਮੈਨੂੰ ਅਦਾਲਤ ਵੱਲੋਂ ਸੰਮਨ ਆ ਗਏ। ਮੈਂ ਫਿਰ ਵੀ ਇਸ ਨੂੰ ਉਸ ਗੰਭੀਰਤਾ ਨਾਲ ਨਾ ਲਿਆ। ਮੈਂ ਸਿਰਫ ਆਪਣੇ ਜਾਣਕਾਰਾਂ ਨਾਲ ਕੇਸ ਦੀ ਗਹਿਰਾਈ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਨ੍ਹਾਂ ਜਾਣਕਾਰਾਂ ਵਿੱਚ ਕਾਨੂੰਨ ਦੇ ਗਿਆਤਾ ਭਾਵ ਵਕੀਲ ਵੀ ਸਨ। ਹਰੇਕ ਦੀ ਇਕੋ ਸ਼ਬਦਾਵਲੀ ਸੀ ਕਿ ਕੇਸ ਵਿੱਚ ਕੁਝ ਨਹੀਂ ਹੈ। ਇਨ੍ਹਾਂ ਸ਼ਬਦਾਂ ਨਾਲ ਮਾਣਹਾਨੀ ਬਣਦੀ ਹੀ ਨਹੀਂ। ਖੈਰ! ਕੇਸ ਚੱਲ ਪਿਆ ਅਤੇ ਮੈਂ ਇਕ ਵਕੀਲ ਕਰ ਲਿਆ। ਵਕੀਲ ਜਾਣਕਾਰਾਂ ਵਿੱਚੋਂ ਹੀ ਸੀ। ਕਾਰਵਾਈ ਸ਼ੁਰੂ ਹੋ ਗਈ। ਵਕੀਲ ਨੂੰ ਮੈਂ ਸਾਫ ਸ਼ਬਦਾਂ ਵਿੱਚ ਫੀਸ ਬਾਰੇ ਪੁੱਛਿਆ ਤਾਂ ਉਸ ਨੇ ਕੁਝ ਨਾ ਦੱਸਿਆ। ਮੈਂ ਫਿਰ ਆਖਿਆ ਕਿ ਘੋੜਾ ਘਾਹ ਨਾਲ ਦੋਸਤੀ ਕਰਕੇ ਜਿਉਂਦਾ ਨਹੀਂ ਰਹਿ ਸਕਦਾ। ਖੈਰ! ਫੀਸ ਬਾਰੇ ਕੋਈ ਗੱਲ ਸਿਰੇ ਨਾ ਲੱਗੀ ਅਤੇ ਅਦਾਲਤੀ ਕਾਰਵਾਈ ਸ਼ੁਰੂ ਹੋ ਗਈ। ਪਹਿਲੇ ਦਿਨ ਦੀ ਨਿੱਜੀ ਹਾਜ਼ਰੀ ਤੋਂ ਅੱਗੇ ਵਕਾਲਤਨਾਮਾ ਪੇਸ਼ ਕਰ ਦਿੱਤਾ ਗਿਆ। ਵਕਾਲਤਨਾਮੇ ਦੀ ਫੀਸ ਵਕੀਲ ਦੇ ਕਲਰਕ ਨੂੰ ਦੇ ਦਿੱਤੀ।

ਇਸ ਤੋਂ ਬਾਅਦ ਹਰ ਪੇਸ਼ੀ ਉੱਤੇ ਜਵਾਬ ਦੇਣਾ, ਜਵਾਬ ਦੇਣ ਲਈ ਟਾਈਪਿਸਟ ਦੀ ਫੀਸ, ਫੋਟੋਸਟੇਟ ਦੀ ਫੀਸ, ਤਸਦੀਕ ਕਰਾਉਣ ਦੀ ਫੀਸ ਆਦਿ ਸਿਲਸਿਲਾ ਨਿਰੰਤਰ ਚੱਲਦਾ ਰਿਹਾ। ਅੱਜ ਜਦੋਂ ਕੇਸ ਚੱਲਦੇ ਨੂੰ ਸਾਢੇ ਤਿੰਨ ਸਾਲਾਂ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਅਦਾਲਤੀ ਫੀਸਾਂ ਕਰਕੇ ਮੇਰੇ ਪੈਸੇ ਵੀ ਅੰਤਾਂ ਦੇ ਲੱਗ ਚੁੱਕੇ ਹਨ ਤਾਂ ਪਿੰਡ ਰਹਿੰਦਿਆਂ ਬਜ਼ੁਰਗਾਂ ਕੋਲੋਂ ਹਸਪਤਾਲਾਂ ਤੇ ਕਚਹਿਰੀਆਂ 'ਚ ਹੁੰਦੀ ਖੱਜਲ ਖੁਆਰੀ ਤੇ ਲੱਗਦੇ ਪੈਸਿਆਂ ਬਾਰੇ ਸੁਣੀ ਗੱਲ ਯਾਦ ਆਉਂਦੀ ਹੈ। ਹਰ ਵਾਰੀ ਦੀ ਪੇਸ਼ੀ ਤੇ ਵਿਰੋਧੀ ਧਿਰ ਦਾ ਵਕੀਲ ਦਫਤਰ ਨਾਲ ਸਬੰਧਤ ਨਵੇਂ ਕਾਗਜ਼ ਮੰਗ ਲੈਂਦਾ ਹੈ। ਪੇਸ਼ੀ ਦੀ ਤਾਰੀਕ ਅੱਗੇ ਪੈ ਜਾਂਦੀ ਹੈ। ਮੈਨੂੰ ਅੱਜ ਤੱਕ ਇਹ ਸਮਝ ਨਹੀਂ ਆਈ ਕਿ ਇਨ੍ਹਾਂ ਨਵੇਂ ਮੰਗੇ ਕਾਗਜ਼ਾਂ ਦਾ ਕੇਸ ਨਾਲ ਕੀ ਸਬੰਧ ਹੈ।

ਇਸੇ ਤਰ੍ਹਾਂ ਵਿਰੋਧੀ ਧਿਰ ਦਾ ਵਕੀਲ ਇਕ ਅਰਜ਼ੀ ਦੇ ਕੇ ਜਦੋਂ ਕੋਈ ਕਾਗਜ਼ ਮੰਗਦਾ ਹੈ ਤਾਂ ਉਸ ਦਾ ਉਤਰ ਦੇਣਾ ਹੁੰਦਾ ਹੈ। ਇਸ ਦੋ ਪੰਨਿਆਂ ਦੇ ਉਤਰ ਲਿਖਾਉਣ ਲਈ ਟਾਈਪਿਸਟ ਨੂੰ ਘੱਟੋ-ਘੱਟ 300 ਰੁਪਏ ਦੇਣੇ ਹੁੰਦੇ ਹਨ। ਕੇਸ ਦਾ ਫੈਸਲਾ ਕੀ ਤੇ ਕਦੋਂ ਹੋਣਾ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਜਿਸ ਕਿਸੇ ਵਿਅਕਤੀ ਨੂੰ ਪੁੱਛੀਦਾ ਹੈ, ਉਸ ਦਾ ਜਵਾਬ ਇਹੀ ਹੁੰਦਾ ਹੈ ਕਿ ਕੇਸ ਵਿੱਚ ਕੁਝ ਨਹੀਂ। ਫਿਰ ਖੱਜਲ ਖੁਆਰੀ ਦਾ ਕੀ ਅਰਥ ਹੈ? ਇਥੇ ਆ ਕੇ ਸੁਰਜੀਤ ਪਾਤਰ ਦੀ ਗ਼ਜ਼ਲ ਦਾ ਸ਼ੇਅਰ ਮੁੜ ਚੇਤੇ ਆਉਂਦਾ ਹੈ ਕਿ ਅਦਾਲਤਾਂ ਵਿੱਚ ਬੰਦੇ ਸੱਚੀ ਬਿਰਖ ਬਣ ਕੇ ਸੁੱਕ ਸੜ ਜਾਂਦੇ ਹਨ।

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।

## ਹਲਕਾ ਫੁਲਕਾ

ਸ਼ੀਲਾ (ਵੀਨਾ ਨੂੰ), "ਕੀ ਗੱਲ ਹੈ ਭੈਣੇ ਅੱਜਕੱਲ੍ਹ ਬੜੀ ਪ੍ਰੇਸ਼ਾਨ ਨਜ਼ਰ ਆਉਂਦੀ ਏਂ?"
ਵੀਨਾ, "ਕੀ ਕਰਾਂ, ਕੰਮ ਕਰਾਂ ਤਾਂ ਸਾਹ ਫੁੱਲ ਜਾਂਦਾ ਹੈ ਅਤੇ ਨਾ ਕਰਾਂ ਤਾਂ ਸੱਸ ਫੁੱਲ ਜਾਂਦੀ ਹੈ।"

********

ਬੈਂਕ ਮੈਨੇਜਰ, "ਇਹ ਕਿਹੋ ਜਿਹੇ ਅਜੀਬ ਗੋਲ ਗੋਲ ਸਾਈਨ ਹਨ?"
ਗਗਨ, "ਇਹ ਸਾਈਨ ਮੇਰੇ ਦਾਦੀ ਦੇ ਹਨ ਸਰ।"
ਬੈਂਕ ਮੈਨੇਜਰ, "ਇਹੋ ਜਿਹਾ ਕੀ ਅਜੀਬ ਨਾਂਅ ਹੈ ਉਨ੍ਹਾਂ ਦਾ?"
ਗਗਨ, "ਜਲੇਬੀ ਬਾਈ।"

# ਸਰਕਾਰ ਇੱਕ ਮਾਂ ਵਾਂਗ ਅਤੇ ਨਾਗਰਿਕ ਉਸ ਦੇ ਬੱਚੇ

ਦਿੱਲੀ ਦੇ ਸਾਬਕਾ ਦੇ ਸਾਬਕਾ ਉਪ ਰਾਜਪਾਲ ਨਜੀਬ ਜੰਗ ਦਾ ਇੱਕ ਪ੍ਰਸ਼ਾਸਕ ਦੇ ਤੌਰ 'ਤੇ ਬਿਹਤਰੀਨ ਕੈਰੀਅਰ ਰਿਹਾ ਹੈ। 1973 ਵਿੱਚ ਜੰਗ ਆਈ ਏ ਐੱਸ ਬਣੇ ਸਨ ਅਤੇ ਉਨ੍ਹਾਂ ਨੇ ਮੱਧ ਪ੍ਰਦੇਸ਼ ਸਰਕਾਰ ਦੇ ਨਾਲ-ਨਾਲ ਭਾਰਤ ਸਰਕਾਰ ਨੂੰ ਕਈ ਸਾਲਾਂ ਤੱਕ ਵੱਖ-ਵੱਖ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਉਸ ਤੋਂ ਬਾਅਦ ਉਹ ਏਸ਼ੀਅਨ ਡਿਵੈਲਪਮੈਂਟ ਬੈਂਕ (ਏ ਡੀ ਬੀ) ਅਤੇ ਆਕਸਫੋਰਟ ਇੰਸਟੀਚਿਊਟ ਫਾਰ ਐਨਰਜੀ ਸਟੱਡੀਜ਼ ਨਾਲ ਜੁੜ ਗਏ। 2009 ਤੋਂ 2013 ਦੌਰਾਨ ਨਜੀਬ ਜੰਗ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਉਪ ਕੁਲਪਤੀ ਬਣੇ। ਉਨ੍ਹਾਂ ਨੇ 2013 ਤੋਂ ਲੈ ਕੇ 2016 ਤੱਕ ਦਿੱਲੀ ਸਰਕਾਰ ਨੂੰ ਉਪ ਰਾਜਪਾਲ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਦਿੱਤੀਆਂ। ਇੱਕ ਇੰਟਰਵਿਊ ਦੌਰਾਨ ਉਨ੍ਹਾਂ ਨੇ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਹ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਿਉਂ ਕਰ ਰਹੇ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਇਸ ਨਾਲ ਜੁੜਿਆ ਹੋਇਆ ਹਾਂ ਕਿਉਂਕਿ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਨੇ ਮੈਨੂੰ ਇਸ 'ਤੇ ਬੋਲਣ ਲਈ ਸੱਦਾ ਦਿੱਤਾ ਹੈ। ਮੈਂ ਉਥੇ ਗਿਆ ਕਿਉਂਕਿ ਮੇਰਾ ਮੰਨਣਾ ਸੀ ਕਿ ਵਿਦਿਆਰਥੀਆਂ ਨਾਲ ਪੁਲਸ ਵੱਲੋਂ ਬੇਹੱਦ ਬੁਰਾ ਸਲੂਕ ਕੀਤਾ ਗਿਆ। ਇਸ ਕਾਰਨ ਮੈਂ ਭਾਵਨਾਤਮਕ ਤੌਰ 'ਤੇ ਇਸ ਨੂੰ ਸਮਰਥਨ ਦਿੰਦਾ ਹਾਂ। ਸੀ ਏ ਏ ਨੂੰ ਲੈ ਕੇ ਮੇਰਾ ਮੰਨਣਾ ਹੈ ਕਿ ਇਹ ਪੂਰੀ ਤਰ੍ਹਾਂ ਸੰਵਿਧਾਨ ਦੇ ਅਨੁਰੂਪ ਨਹੀਂ ਹੈ। ਸੰਵਿਧਾਨ ਦੇ ਆਰਟੀਕਲ 14 ਦੀ ਇਹ ਉਲੰਘਣਾ ਹੈ, ਜੋ ਸਪੱਸ਼ਟ ਤੌਰ 'ਤੇ ਕਹਿੰਦਾ ਹੈ ਕਿ ਭਾਰਤ ਦੀ ਨਾਗਰਿਕਤਾ ਕਿਸੇ ਧਰਮ, ਜਾਤੀ ਅਤੇ ਰੰਗ ਦੇ ਆਧਾਰ 'ਤੇ ਨਹੀਂ ਕੀਤੀ ਜਾਂਦੀ। ਐੱਨ ਆਰ ਸੀ ਨੂੰ ਲੈ ਕੇ ਉਨ੍ਹਾਂ ਨੇ ਕਿਹਾ ਕਿ ਇਹ ਪੂਰੇ ਤੌਰ 'ਤੇ ਇੱਕ ਖਰਚੀਲੀ ਅਤੇ ਗੈਰ ਵਿਹਾਰਕ ਹੈ। ਅਸੀਂ ਦੇਖਿਆ ਕਿ ਆਖਰ ਆਸਾਮ ਵਿੱਚ ਕੀ ਹੋਇਆ, ਜਿੱਥੇ ਲੱਖਾਂ ਲੋਕਾਂ ਨੂੰ ਸਹਿਣਾ ਪੈ ਰਿਹਾ ਹੈ। ਅਜੇ ਤੱਕ ਲੋਕ ਸੰਤੁਸ਼ਟ ਨਹੀਂ ਅਤੇ ਇਸ ਮੁੱਦੇ 'ਤੇ ਰੋਕ ਨਹੀਂ ਲੱਗੀ। ਦੇਸ਼ ਭਰ ਵਿੱਚ ਇਸ ਨੂੰ ਲਾਗੂ ਕਰਨ ਨਾਲ ਲੋਕਾਂ ਦੇ ਮਨ ਵਿੱਚ ਡਰ ਪੈਦਾ ਹੋਵੇਗਾ ਅਤੇ ਇਸ ਨੂੰ ਵਧਾਉਣ ਦਾ ਇਹ ਇੱਕ ਚੰਗਾ ਤਰੀਕਾ ਨਹੀਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਐੱਨ ਆਰ ਸੀ ਨੂੰ ਦੇਸ਼ ਵਿੱਚ ਲਾਗੂ ਨਹੀਂ ਕੀਤਾ ਜਾਵੇਗਾ। ਬਦਕਿਸਮਤੀ ਨਾਲ ਜ਼ਿਆਦਾਤਰ ਲੋਕ ਅਜਿਹਾ ਮੰਨਣ ਲਈ ਤਿਆਰ ਹਨ। ਇਸ ਕਾਰਨ ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ (ਪੀ ਐਮ) ਅਤੇ ਗ੍ਰਹਿ ਮੰਤਰੀ (ਐੱਚ ਐੱਮ) ਨੂੰ ਸਾਹਮਣੇ ਆ ਕੇ ਇੱਕ ਸਪੱਸ਼ਟ ਬਿਆਨ ਦੇਣਾ ਹੋਵੇਗਾ ਕਿ ਐਨ ਆਰ ਸੀ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਅਜਿਹਾ ਬਿਆਨ ਦੇਣ ਨਾਲ ਅੱਧੀ ਪ੍ਰੇਸ਼ਾਨੀ ਦੂਰ ਹੋ ਜਾਵੇਗੀ। ਦੂਜਾ ਮੁੱਦਾ ਸੀ ਏ ਏ ਦਾ ਹੈ, ਜੋ ਕਿ ਬੇਹੱਦ ਸਾਧਾਰਨ ਹੈ। ਪ੍ਰਦਰਸ਼ਨਕਾਰੀਆਂ ਅਤੇ ਸਰਕਾਰ ਨੂੰ ਕੋਰਟ ਦੇ ਫੈਸਲੇ ਨਾਲ ਸਹਿਮਤ ਹੋਣਾ ਪਵੇਗਾ, ਜੋ ਕਿ ਇਸ ਵਿਵਾਦ ਨੂੰ ਖਤਮ ਕਰੇਗਾ।

ਸ਼ਾਹੀਨ ਬਾਗ 'ਤੇ ਚਰਚਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਵਿੱਚ ਇਹ ਡਰ ਪਾਇਆ ਜਾਂਦਾ ਹੈ ਕਿ ਹਾਲਾਤ ਉਨ੍ਹਾਂ ਦੇ ਪੱਖ ਵਿੱਚ ਨਹੀਂ। ਫਿਰ ਭਾਵੇਂ ਕਸ਼ਮੀਰ ਵਿੱਚ ਧਾਰਾ 370 ਨੂੰ ਖਤਮ ਕਰਨਾ ਹੋਵੇ, ਤਿੰਨ ਤਲਾਕ ਜਾਂ ਫਿਰ ਸੀ ਏ ਏ ਹੋਵੇ, ਚੀਜ਼ਾਂ ਬਾਹਰ ਆਉਣ ਦੀ ਉਡੀਕ ਵਿੱਚ ਸਨ ਅਤੇ ਪ੍ਰਦਰਸ਼ਨਾਂ ਰਾਹੀਂ ਇਨ੍ਹਾਂ ਨੂੰ ਵੇਖਿਆ ਗਿਆ।

ਨਜੀਬ ਜੰਗ ਨੇ ਅੱਗੇ ਕਿਹਾ ਕਿ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਹੈ ਕਿ ਉਹ ਗੱਲਬਾਤ ਲਈ ਤਿਆਰ ਹਨ। ਮੇਰਾ ਮੰਨਣਾ ਹੈ ਕਿ ਸਾਨੂੰ ਉਨ੍ਹਾਂ ਦੇ ਸ਼ਬਦਾਂ 'ਤੇ ਧਿਆਨ ਦੇਣਾ ਹੋਵੇਗਾ। ਇਥੇ ਕੁਝ ਲੈ ਕੇ ਅਤੇ ਕੁਝ ਦੇ ਕੇ ਫੈਸਲਾ ਹੁੰਦਾ ਹੈ ਅਤੇ ਗੱਲਬਾਤ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣੇ ਚਾਹੀਦੇ ਹਨ। ਸਰਕਾਰ ਇੱਕ ਮਾਂ ਵਾਂਗ ਹੈ ਅਤੇ ਨਾਗਰਿਕ ਉਸ ਦੇ ਬੱਚਿਆਂ ਵਾਂਗ। ਮਾਂ ਨੂੰ ਹਮੇਸ਼ਾ ਆਪਣੇ ਬੱਚਿਆਂ ਪ੍ਰਤੀ ਦਿਆਲੂ ਹੋਣਾ ਚਾਹੀਦਾ ਹੈ।

ਸਾਬਕਾ ਉਪ ਰਾਜਪਾਲ ਨਜੀਬ ਜੰਗ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਭਾਜਪਾ ਸਰਕਾਰ ਮੁਸਲਮਾਨਾਂ ਦਾ ਭਰੋਸਾ ਕਿਵੇਂ ਜਿੱਤੇਗੀ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਇੱਕ ਟੇਢਾ ਸਵਾਲ ਹੈ ਕਿਉਂਕਿ ਕੁਝ ਚੀਜ਼ਾਂ ਵਿੱਚ ਖਟਾਸ ਵਧ ਗਈ ਹੈ। ਸਰਕਾਰ ਨੂੰ ਜਲਦ ਇਸ 'ਤੇ ਹਕੂਮਤ ਕਰਨੀ ਪਵੇਗੀ। ਸਰਕਾਰ ਨੂੰ ਇਹ ਯਕੀਨ ਦਿਵਾਉਣਾ ਹੋਵੇਗਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਲਿੰਚਿੰਗ ਬਰਦਾਸ਼ਤ ਨਹੀਂ ਕਰੇਗੀ। ਉਤਰ ਪ੍ਰਦੇਸ਼ ਸਰਕਾਰ ਤੋਂ ਵੀ ਤੁਰੰਤ ਹੀ ਭਰੋਸਾ ਦਿਵਾਇਆ ਜਾਣਾ ਚਾਹੀਦਾ ਹੈ ਕਿ ਮੁਸਲਮਾਨਾਂ ਦੇ ਵਿਰੁੱਧ ਸਖਤ ਕਦਮ ਨਹੀਂ ਚੁੱਕੇ ਜਾਣਗੇ ਅਤੇ ਉਨ੍ਹਾਂ ਵਿਰੁੱਧ ਦਰਜ ਅਣਉਚਿਤ ਮਾਮਲੇ ਵਾਪਸ ਲਏ ਜਾਣਗੇ। ਭਾਰਤ ਇੱਕ ਵਧਣ ਵਾਲੀ ਅਰਥ ਵਿਵਸਥਾ ਹੈ ਅਤੇ ਨੌਜਵਾਨ ਵਰਗ ਜੌਬ ਮਾਰਕੀਟ ਵਿੱਚ ਲੱਗਾ ਹੋਇਆ ਹੈ। ਅਸੀਂ ਆਪਣੇ ਦੇਸ਼ ਨੂੰ ਅਸਤ ਵਿਅਸਤ ਨਹੀਂ ਦੇਖਣਾ ਚਾਹੁੰਦੇ, ਇਸ ਲਈ ਸਰਕਾਰ ਨੂੰ ਕੁਝ ਭਰੋਸਾ ਦੇਣਾ ਚਾਹੀਦਾ ਹੈ ਕਿ ਉਹ ਉਚਿਤ ਕਾਰਵਾਈ ਕਰ ਰਹੀ ਹੈ। ਸਰਕਾਰ ਨੂੰ ਮੁਸਲਮਾਨਾਂ ਨੂੰ ਵੀ ਭਰੋਸੇ ਵਿੱਚ ਲੈਣਾ ਪਵੇਗਾ।

ਨੇਤਾਵਾਂ ਦੇ ਵਿਗੜੇ ਬੋਲ ਅਤੇ ਅਭੱਦਰ ਟਿੱਪਣੀਆਂ ਨੂੰ ਲੈ ਕੇ ਨਜੀਬ ਨੇ ਕਿਹਾ ਕਿ ਅਜਿਹੇ ਭਾਸ਼ਣ ਨਹੀਂ ਦੇਣੇ ਚਾਹੀਦੇ। ਸਾਡੇ ਦੇਸ਼ ਦਾ ਲੋਕਤੰਤਰ ਬੜਾ ਮਜ਼ਬੂਤ ਹੈ ਅਤੇ ਚੋਣਾਂ ਦੌਰਾਨ ਕਿਸੇ ਨੂੰ ਆਪਣਾ ਸੰਜਮ ਨਹੀਂ ਗੁਆਉਣਾ ਚਾਹੀਦਾ। ਲੋਕਾਂ ਨੂੰ ਆਪਣੀ ਭਾਸ਼ਾ 'ਤੇ ਕੰਟਰੋਲ ਰੱਖਣਾ ਹੋਵੇਗਾ, ਨਹੀਂ ਤਾਂ ਡੈਮੋਕ੍ਰੇਸੀ ਮੋਬੋਕਰੇਸੀ ਬਣ ਕੇ ਰਹਿ ਜਾਏਗੀ। ਜਾਮੀਆ ਅਤੇ ਸ਼ਾਹੀਨ ਬਾਗ ਖੇਤਰਾਂ ਵਿੱਚ ਹਾਲੀਆ ਦਿਨਾਂ ਵਿੱਚ ਫਾਇਰਿੰਗ ਦੀਆਂ ਘਟਨਾਵਾਂ ਨੂੰ ਨਜੀਬ ਜੰਗ ਨੇ ਸ਼ਰਮਨਾਕ ਕਰਾਰ ਦਿੱਤਾ ਹੈ। ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਇੱਕ ਰਾਸ਼ਟਰੀ ਰਾਜਧਾਨੀ ਹੈ ਅਤੇ ਜਾਮੀਆ ਮਿਲੀਆ ਇਸਲਾਮੀਆ ਇੱਕ ਕੇਂਦਰੀ ਯੂਨੀਵਰਸਿਟੀ ਹੈ, ਜੋ ਕਿ 100 ਸਾਲ ਪੁਰਾਣੀ ਹੈ। ਇਸ ਦੀਆਂ ਜੜ੍ਹਾਂ ਭਾਰਤੀ ਰਾਸ਼ਟਰੀਅਤਾ ਨਾਲ ਜੁੜੀਆਂ ਹੋਈਆਂ ਹਨ। ਫਿਰਕਾਪ੍ਰਸਤੀ 'ਤੇ ਰੋਕ ਲਗਾਉਣ ਲਈ ਜਾਮੀਆ ਦਾ ਗਠਨ ਹੋਇਆ ਸੀ। ਇਸ ਨੇ ਦੇਸ਼ ਦੀ ਵੰਡ ਦੇ ਵਿਰੁੱਧ ਸੰਘਰਸ਼ ਕੀਤਾ। ਸਾਨੂੰ ਵਿਦਿਆਰਥੀਆਂ ਪ੍ਰਤੀ ਸੰਵੇਦਨਸ਼ੀਲ ਹੋਣਾ ਪਵੇਗਾ, ਜੋ ਉਥੇ ਪ੍ਰਦਰਸ਼ਨ ਕਰ ਰਹੇ ਹਨ। ਇਹ ਘਟਨਾਵਾਂ ਸਿਰਫ ਵਿਦਿਆਰਥੀਆਂ ਨੂੰ ਡਰਾਉਣ ਲਈ ਹਨ, ਪਰ ਇੱਕ ਗੱਲ ਯਾਦ ਰਹੇ ਕਿ ਤੁਸੀਂ ਵਿਦਿਆਰਥੀਆਂ ਨੂੰ ਡਰਾ ਧਮਕਾ ਨਹੀਂ ਸਕਦੇ। ਨਜੀਬ ਦਾ ਮੰਨਣਾ ਹੈ ਕਿ ਸੀ ਏ ਏ -ਐਨ ਆਰ ਸੀ ਨਾਲ ਹਜ਼ਾਰਾਂ ਲੋਕ ਜੁੜੇ ਹੋਏ ਹਨ। ਸਿੱਖਾਂ ਵੱਲੋਂ ਸ਼ਾਹੀਨ ਬਾਗ ਵਿੱਚ ਲੰਗਰ ਹਾਸਲ ਕਰਵਾਇਆ ਜਾ ਰਿਹਾ ਹੈ। ਇਥੇ ਵੱਖ ਵੱਖ ਜਾਤੀਆਂ, ਧਰਮਾਂ ਦੇ ਲੋਕ ਧਰਨੇ 'ਤੇ ਬੈਠੇ ਹਨ। ਸਰਕਾਰ ਨੂੰ ਧਰਮ ਨਿਰਪੱਖ ਰਹਿਣਾ ਹੋਵੇਗਾ। ਇਸ ਪ੍ਰਦਰਸ਼ਨ ਤੋਂ ਮੁੱਲਾ-ਮੌਲਵੀਆਂ ਨੂੰ ਦੂਰ ਰਹਿਣਾ ਹੋਵੇਗਾ। ਲੋਕਾਂ ਨੂੰ ਇਸ ਨਾਲ ਜੁੜਨਾ ਚਾਹੀਦਾ।









## ਮਿੰਨੀ ਕਹਾਣੀ

### ਮਾਸੂਮੀਅਤ

-ਇੰਜ. ਮਨਿੰਦਰ ਸਿੰਘ

ਇੱਕ ਪੰਜ ਸਾਲ ਦਾ ਛੋਟਾ ਬੱਚਾ, ਜਿਸ ਦੇ ਪਿਤਾ ਜੀ ਬਹੁਤ ਹੀ ਧਾਰਮਿਕ ਕਿਸਮ ਦੇ ਸਨ, ਸਵੇਰੇ ਉਠ ਕੇ ਪਾਠ ਕਰਦੇ ਤੇ ਸਾਰਾ ਦਿਨ ਕਿਰਤ ਕਮਾਈ ਕਰ ਕੇ ਆਪਣੇ ਤੇ ਆਪਣੇ ਪਰਵਾਰ ਦਾ ਪੇਟ ਪਾਲਦੇ ਸਨ। ਜਿਵੇਂ ਹਰ ਇੱਕ ਬੱਚੇ ਲਈ ਉਸ ਦੇ ਮਾਤਾ-ਪਿਤਾ ਹੀ ਰੱਬ ਹੁੰਦੇ ਹਨ। ਬੱਚਾ ਆਪਣੇ ਪਿਤਾ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਦਾ ਤੇ ਉਨ੍ਹਾਂ 'ਤੇ ਅਮਲ ਕਰਨ ਦੀ ਕੋਸ਼ਿਸ਼ ਕਰਦਾ।

ਇੱਕ ਦਿਨ ਉਂਝ ਹੀ ਉਸ ਦੇ ਪਿਤਾ ਜੀ ਮੁਕਤੀ ਦੀਆਂ ਗੱਲਾਂ ਕਰ ਰਹੇ ਹੁੰਦੇ ਹਨ ਕਿ ਅਸੀਂ ਸਾਰੇ ਇਸ ਜਨਮ-ਮਰਨ ਦੇ ਚੱਕਰ ਵਿੱਚ ਪਏ ਹਾਂ, ਜਿਸ ਤਰ੍ਹਾਂ 84 ਲੱਖ ਜੂਨੀਆਂ 'ਚੋਂ ਮਨੁੱਖ ਸਭ ਤੋਂ ਉਤਮ ਜੂਨ ਹੈ। ਇਸ ਨੂੰ ਬੱਚਾ ਬੜੇ ਧਿਆਨ ਨਾਲ ਸੁਣਦਾ ਹੈ। ਪਿਤਾ ਜੀ ਕਹਿੰਦੇ ਹਨ ਕਿ ਜੀਵ ਚੰਗੇ-ਮਾੜੇ ਕਰਮ ਕਰਦੇ ਹਨ ਤੇ ਉਨ੍ਹਾਂ ਦੇ ਕਰਮਾਂ ਮੁਤਾਬਕ ਉਨ੍ਹਾਂ ਦੇ ਅੱਗੇ ਚੰਗੀ ਮਾੜੀ ਦੁਨੀਆ ਮਿਲਦੀ ਹੈ। ਜਿਵੇਂ-ਜਿਵੇਂ ਜੀਵ ਕਰਮ ਚੰਗੇ ਕਰ ਜਾਂਦੈ ਹਨ ਤੇ ਉਵੇਂ ਉਵੇਂ ਜੂਨਾਂ ਬਦਲਦੇ ਜਾਂਦੇ ਹਨ ਤੇ ਇੱਕ ਦਿਨ ਇਨਸਾਨ ਦੀ ਜੂਨ ਵਿੱਚ ਪੈਂਦੇ ਹਨ, ਜੋ ਇਨ੍ਹਾਂ 'ਚੋਂ ਸਭ ਤੋਂ ਉਪਰ ਮੰਨੀ ਜਾਂਦੀ ਹੈ।

ਬੱਚੇ ਦੇ ਚੰਚਲ ਮਨ 'ਤੇ ਇਹ ਗੱਲ ਬਹੁਤ ਅਸਰ ਕਰਦੀ ਹੈ ਤੇ ਸੋਚਦਾ ਹੈ ਕਿ ਇਸ ਹਿਸਾਬ ਨਾਲ ਜੇ ਦੂਜੀਆਂ ਸਾਰੀਆਂ ਜੂਨੀਆਂ ਦੇ ਜੀਵ ਜਲਦੀ ਜੂਨਾਂ ਬਦਲਣ 'ਤੇ ਇਹ ਵੀ ਜਲਦੀ ਹੀ ਇਨਸਾਨ ਦੀ ਜੂਨ 'ਚ ਆ ਸਕਦੇ ਹਨ। ਪਿਤਾ ਜੀ ਅੱਗੇ ਸਮਝਾਉਂਦੇ ਕਿ ਇਨਸਾਨ ਦੀ ਜੂਨ ਤੋਂ ਬਾਅਦ ਵਿੱਚ ਮੁਕਤੀ ਦਾ ਦਰਵਾਜ਼ਾ ਆਉਂਦਾ ਹੈ, ਜੋ ਇਨਸਾਨ ਦੇ ਚੰਗੇ ਕਰਮਾਂ ਨਾਲ ਹੁੰਦੀ ਹੈ। ਬੱਚੇ ਦਾ ਮਨ ਮਾਸੂਮ ਹੁੰਦਾ ਹੈ, ਉਹ ਇੱਕ ਦਿਨ ਕੀੜਿਆ ਦੇ ਭੌਣ ਨਾਲ ਖੇਡ ਰਿਹਾ ਹੁੰਦਾ ਹੈ ਕਿ ਅਚਾਨਕ ਉਹ ਉਨ੍ਹਾਂ ਵਿੱਚੋਂ ਇੱਕ ਕਾਡਾ ਉਸ ਨੂੰ ਕੱਟ ਲੈਂਦਾ ਹੈ ਤੇ ਉਹ ਉਸ ਨੂੰ ਮਾਰ ਦਿੰਦਾ ਹੈ। ਬੱਚੇ ਦਾ ਮਾਸੂਮੀਅਤ ਮਨ ਦੀ ਉਪਜ ਦੇਖੋ ਉਹ ਉਨ੍ਹਾਂ ਸਾਰੇ ਕਾਡਿਆਂ ਨੂੰ ਮਾਰਨਾ ਸ਼ੁਰੂ ਕਰਦਾ ਹੈ ਤੇ ਨਾਲ ਇਹ ਸੋਚਦਾ ਹੈ ਕਿ ਮੈਂ ਪੁੰਨ ਦਾ ਕੰਮ ਕਰ ਰਿਹਾ ਹਾਂ ਕਿ ਇਹ ਸਭ ਜਲਦੀ 84 ਲੱਖ ਜੂਨੀਆਂ ਖਤਮ ਕਰ ਕੇ ਪਹਿਲਾਂ ਇਨਸਾਨ ਤੇ ਫਿਰ ਮੁਕਤੀ ਪਾ ਲੈਣਗੇ।

ਕਮਾਲ ਦੀ ਸੋਚ ਹੈ, ਉਸ ਪੰਜ ਸਾਲ ਦੇ ਬੱਚੇ ਦੀ। ਉਸ ਦੇ ਪਿਤਾ ਜੀ ਦੀ ਦਿੱਤੀ ਸਿਖਿਆ ਨੂੰ ਜੇ ਉਹ ਸਹੀ ਤਰੀਕੇ ਮਤਲਬ ਜਿਸ ਤਰ੍ਹਾਂ ਉਸ ਦੇ ਪਿਤਾ ਦਾ ਮਕਸਦ ਸੀ, ਉਸ ਨਾਲ ਕਰਦਾ ਤਾਂ ਇਹ ਸੰਸਾਰ ਬੜਾ ਖੂਬਸੂਰ ਬਣ ਜਾਵੇ। ਇਸ ਲਈ ਬੱਚਿਆਂ ਨੂੰ ਸਿਖਿਆ ਜ਼ਰੂਰ ਦੇਵੋ, ਪਰ ਉਸ ਗੱਲ ਦੀ ਸਿਖਿਆ ਦਾ ਤਰਕ ਜ਼ਰੂਰ ਸਮਝਾਓ ਕਿਉਂਕਿ ਵਿਚਾਰ ਨੂੰ ਇੰਨ-ਬਿੰਨ ਲਾਗੂ ਕਰ ਦੇਣਾ ਬਹੁਤ ਵਿਨਾਸ਼ਕ ਹੋ ਸਕਦਾ ਹੈ।

# ਵਿਧਾਨ ਪ੍ਰੀਸ਼ਦਾਂ ਦੀਆਂ ਜ਼ਰੂਰਤਾਂ ਉੱਤੇ ਉੱਠਦੇ ਵੱਡਾ ਸਵਾਲ

-ਅੱਕੂ ਸ੍ਰੀਵਾਸਤਵ-

ਸੂਬਿਆਂ ਦੀਆਂ ਰਾਜ ਸਭਾਵਾਂ ਭਾਵ ਵਿਧਾਨ ਪ੍ਰੀਸ਼ਦਾਂ ਦੀ ਰਾਜਨੀਤੀ ਹੁਣ ਇੱਕ ਨਵੇਂ ਮੋੜ 'ਤੇ ਹੈ। ਆਂਧਰਾ ਪ੍ਰਦੇਸ ਦੀ ਇੱਕ ਵਿਧਾਨ ਪ੍ਰੀਸ਼ਦ ਵੀ ਹੁਣ ਖਤਮ ਹੋਣ ਦੇ ਕੰਢੇ ਹੈ। ਹਾਲਾਂਕਿ ਕੁਝ ਮਹੀਨੇ ਪਹਿਲਾਂ ਹੀ ਜੰਮੂ ਕਸ਼ਮੀਰ ਸੂਬੇ ਦਾ ਮੁੜ ਗਠਨ ਹੋਣ ਦੇ ਨਾਲ ਹੀ ਉਥੋਂ ਦੀ ਵਿਧਾਨ ਪ੍ਰੀਸ਼ਦ ਦੀ ਵੀ ਵਿਦਾਇਗੀ ਹੋ ਗਈ ਸੀ। ਪਿਛਲੇ ਸਾਲ ਤੱਕ ਦੇਸ਼ ਵਿੱਚ ਜੋ ਕੁੱਲ ਜਮ੍ਹਾ ਸੱਤ ਵਿਧਾਨ ਪ੍ਰੀਸ਼ਦਾਂ ਸਨ, ਉਨ੍ਹਾਂ ਦੀ ਗਣਿਤੀ ਘਟ ਕੇ ਹੁਣ ਛੇ ਹੋ ਗਈ ਹੈ। ਜੇ ਆਂਧਰਾ ਪ੍ਰਦੇਸ਼ 'ਚ ਜਗਨਮੋਹਨ ਰੈਡੀ ਸਰਕਾਰ ਦਾ ਯਤਨ ਸਫਲ ਹੋ ਜਾਂਦਾ ਹੈ ਤਾਂ ਇਹ ਗਿਣਤੀ ਸਿਰਫ ਪੰਜ ਰਹਿ ਜਾਏਗੀ।

ਇੱਕ ਸਮਾਂ ਸੀ ਕਿ ਦੇਸ਼ ਦੇ ਕਈ ਸੂਬਿਆਂ ਦੀਆਂ ਆਪਣੀਆਂ ਵਿਧਾਨ ਪ੍ਰੀਸ਼ਧਾਂ ਹੁੰਦੀਆਂ ਸਨ। ਜਦੋਂ ਪੰਜਾਬ, ਆਸਾਮ, ਤਾਮਿਲ ਨਾਡੂ ਅਤੇ ਪੱਛਮੀ ਬੰਗਾਲ ਵਿੱਚ ਵੀ ਵਿਧਾਨ ਪ੍ਰੀਸ਼ਦਾਂ ਹੁੰਦੀਆਂ ਸਨ, ਪਰ ਸਮੇਂ ਦੇ ਨਾਲ ਇਨ੍ਹਾਂ ਦੀ ਹੋਂਦ ਖਤਮ ਹੋ ਗਈ। ਕਾਰਨ ਇੱਕ ਹੀ ਸੀ ਕਿ ਜਨਤਾ ਵੱਲੋਂ ਸਿੱਧੇ ਚੁਣੇ ਗਏ ਨੇਤਾਵਾਂ ਲਈ ਉਨ੍ਹਾਂ ਦੇ ਕੰਮ 'ਤੇ ਉਨ੍ਹਾਂ ਦੇ ਹੀ ਵੱਲੋਂ ਚੁਣੇ ਗਏ ਅਤੇ ਨਾਮਜ਼ਦ ਮੈਂਬਰਾਂ ਦੀ ਮੀਨ-ਮੇਖ ਕੱਢਣਾ ਉਨ੍ਹਾਂ ਨੂੰ ਪਸੰਦ ਨਹੀਂ ਆਉਂਦਾ ਸੀ। ਇਹ ਗੱਲ ਦੂਸਰੀ ਹੈ ਕਿ ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਨੂੰ ਬੁੱਧੀਜੀਵ ਮੰਨ ਕੇ ਜਾਂ ਕਹਿ ਕੇ ਉਨ੍ਹਾਂ ਨੂੰ ਜਨਤਾ ਵੱਲੋਂ ਸਿੱਧੇ ਚੁਣੇ ਗਏ ਵਿਧਾਇਕਾਂ ਜਾਂ ਹੋਰ ਸੰਸਥਾਵਾਂ ਨੇ ਖੁਦ ਹੀ ਚੁਣਿਆ ਸੀ।

ਰਾਜ ਸਭਾ ਵਾਂਗ ਹੀ ਵਿਧਾਨ ਸਭਾ ਦੇ ਮੈਂਬਰਾਂ ਦਾ ਕਾਰਜਕਾਲ ਵੀ ਛੇ ਸਾਲ ਦਾ ਹੁੰਦਾ ਹੈ। ਹਰ ਦੋ ਸਾਲ 'ਤੇ ਇੱਕ-ਤਿਹਾਈ ਬਦਲ ਜਾਂਦੇ ਹਨ। ਸਿਰਫ ਭਾਰਤੀ ਨਾਗਰਿਕ ਹੀ ਇਸ ਦਾ ਮੈਂਬਰ ਬਣ ਸਕਦਾ ਹੈ। ਉਸ ਦੀ ਉਮਰ ਤੀਹ ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ। ਉਹ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇ ਅਤੇ ਦੀਵਾਲੀਆ ਨਾ ਹੋਵੇ। ਵਿਧਾਨ ਪ੍ਰੀਸ਼ਦ 'ਚ ਮੈਂਬਰਾਂ ਦੀ ਗਿਣਤੀ ਸੰਬੰਧਤ ਸੂਬੇ ਦੀ ਵਿਧਾਨ ਸਭਾ ਵਿੱਚ ਮੌਜੂਦ ਮੈਂਬਰਾਂ ਦੀ ਗਿਣਤੀ ਇੱਕ ਤਿਹਾਈ ਤੋਂ ਜ਼ਿਆਦਾ ਨਹੀਂ ਹੋ ਸਕਦੀ। ਨਾਲ ਹੀ ਇਹ ਵੀ ਨਿਯਮ ਸੀ ਕਿ ਕੋਈ ਵੀ ਵਿਧਾਨ ਪ੍ਰੀਸ਼ਦ ਚਾਲੀ ਮੈਂਬਰਾਂ ਤੋਂ ਛੋਟੀ ਨਹੀਂ ਹੋਵੇਗੀ, ਪਰ ਪਿਛਲੇ ਸਾਲ ਤੱਕ ਜੰਮੂ-ਕਸ਼ਮੀਰ ਸੂਬਾ ਇਸ ਦਾ ਅਪਵਾਦ ਸੀ, ਜਿੱਥੇ ਵਿਧਾਨ ਪ੍ਰੀਸ਼ਦ ਮੈਂਬਰਾਂ ਦੀ ਗਿਣਤੀ ਸਿਰਫ 36 ਹੁੰਦੀ ਸੀ। ਇਸ ਦੇ ਲਈ ਸੰਸਦ ਵੱਲੋਂ ਵਿਸ਼ੇਸ਼ ਮਨਜ਼ੂਰੀ ਦਿੱਤੀ ਗਈ ਸੀ। ਪਿਛਲੇ ਸਾਲ ਜੰਮੂ-ਕਸ਼ਮੀਰ ਪੁਨਰਗਠਨ ਕਾਨੂੰਨ 2019 ਜ਼ਰੀਏ ਵਿਧਾਨ ਪ੍ਰੀਸ਼ਦ ਖਤਮ ਕਰ ਦਿੱਤੀ ਗਈ।

ਦਰਅਸਲ, ਵਿਧਾਨ ਪ੍ਰੀਸ਼ਦ ਦੇ ਗਠਨ ਨੂੰ ਲੈ ਕੇ ਆਜ਼ਾਦੀ ਤੋਂ ਬਾਅਦ ਕਈ ਵਾਰ ਸੋਚਿਆ-ਸਮਝਿਆ ਗਿਆਆ। ਇਹ ਮੰਨਿਆ ਗਿਆ ਕਿ ਕਈ ਵਾਰ ਜਨਤਾ ਤੋਂ ਸਿੱਧੇ ਚੁਣੇ ਗਏ ਮੈਂਬਰ ਭਾਵਨਾਤਮਕ ਤੌਰ 'ਤੇ ਕਈ ਫੈਸਲੇ ਅਜਿਹੇ ਵੀ ਕਰ ਸਕਦੇ ਹਨ, ਜੋ ਦੇਸ਼ ਰਾਸ਼ਟਰਹਿਤ 'ਚ ਨਾ ਹੋਣ। ਜਨਤਾ ਵੱਲੋਂ ਚੁਣੇ ਗਏ ਪ੍ਰਤੀਨਿਧੀਆਂ ਦੇ ਫੈਸਲੇ ਵੀ ਗਲਤ ਹੋ ਸਕਦੇ ਹਨ। ਇਸ ਲਈ ਉਪਰੀ ਸਦਨ ਦੇ ਵਿਚਾਰ ਦਾ ਜਨਮ ਹੋਇਆ ਤਾਂ ਕਿ ਸਮਾਜ ਦੇ ਬੁੱਧੀਜੀਵੀ, ਸਮਝਦਾਰ ਅਤੇ ਵੱਕਾਰੀ ਲੋਕ ਜਨਤਾ ਵੱਲੋਂ ਚੁਣੇ ਨੇਤਾਵਾਂ ਵੱਲੋਂ ਲਏ ਫੈਸਲਿਆਂ 'ਤੇ ਇੱਕ ਵਾਰ ਮੁੜ ਵਿਚਾਰ ਕਰਨ। ਕੇਂਦਰ ਵਿੱਚ ਇਹ ਸੰਸਦੀ ਵਿਵਸਥਾ ਰਾਜ ਸਭਾ ਦੇ ਰੂਪ ਵਿੱਚ ਹੈ ਤਾਂ ਸੂਬਿਆਂ (ਬੇਸ਼ੱਕ ਗਿਣੇ ਚੁਣੇ) ਵਿੱਚ ਵਿਧਾਨ ਪ੍ਰੀਸ਼ਦ ਦੇ ਰੂਪ ਵਿੱਚ, ਪਰ ਇਸ ਵਿਵਸਥਾ ਦੇ ਨਾਲ ਕੁਝ ਵਿਵਹਾਰਕ ਦਿੱਕਤਾਂ ਹਨ। ਦਲਗਤ ਰੂਪ 'ਚ ਵੰਡੀ ਰਾਜਨੀਤੀ ਵਿੱਚ ਦਲ ਆਪਣੇ ਨਫੇ ਨੁਕਸਾਨ ਨੂੰ ਤਰਜੀਹ ਦਿੰਦੇ ਹਨ। ਜਿਵੇਂ ਰਾਜ ਸਭਾ ਇਸ ਤੋਂ ਅਛੂਤੀ ਨਹੀਂ ਰਹਿੰਦੀ, ਉਸੇ ਤਰ੍ਹਾਂ ਵਿਧਾਨ ਪ੍ਰੀਸ਼ਦ ਵੀ ਇਸ ਤੋਂ ਅਛੂਤੀ ਨਹੀਂ ਰਹਿੰਦੀ ਕਿਉਂਕਿ ਇੱਕ ਤਿਹਾਈ ਮੈਂਬਰ ਤਾਂ ਪਾਰਟੀ ਵਿਧਾਇਕਾਂ ਵੱਲੋਂ ਹੀ ਚੁਣੇ ਗਏ ਹੁੰਦੇ ਹਨ। ਕਈ ਵਾਰ ਵਿਧਾਨ ਸਭਾ ਤੋਂ ਪਾਸ ਬਿੱਲ ਪ੍ਰੀਸ਼ਦ 'ਚ ਅਟਕ ਜਾਂਦੇ ਹਨ ਅਤੇ ਕਾਨੂੰਨ ਦਾ ਰੂਪ ਨਹੀਂ ਲੈ ਸਕਦੇ। ਤੁਹਾਨੂੰ ਯਾਦ ਹੋਵੇਗਾ ਕਿ ਹਾਲ ਹੀ ਵਿੱਚ ਤਿੰਨ ਤਲਾਕ ਸਮੇਤ ਕਈ ਬਿੱਲ ਰਾਜ ਸਭਾ ਤੋਂ ਸ਼ੁਰੂਆਤੀ ਦੌਰ 'ਚ ਕਈ ਵਾਰ ਪਾਸ ਨਹੀਂ ਹੋ ਸਕੇ ਸਨ। ਇਸੇ ਤਰ੍ਹਾਂ ਹੁਣ ਵਿਧਾਨ ਪ੍ਰੀਸ਼ਦਾਂ ਵੀ ਰਾਜਨੀਤੀ ਦਾ ਅਖਾੜਾ ਬਣ ਰਹੀਆਂ ਹਨ।

ਵਿਧਾਨ ਪ੍ਰੀਸ਼ਦ ਦੇ ਮੈਂਬਰਾਂ ਦੀ ਚੋਣ ਲਈ ਵੀ ਇੱਕ ਖਾਸ ਪ੍ਰਕਿਰਿਆ ਅਪਣਾਉਣ ਦੀ ਵਿਵਸਥਾ ਹੈ। ਪ੍ਰੀਸ਼ਦ ਦੇ ਇੱਕ-ਤਿਹਾਈ ਮੈਂਬਰਾਂ ਨੂੰ ਵਿਧਾਇਕ ਚੁਣਦੇ ਹਨ। ਚੁਣਿਆ ਜਾਣ ਵਾਲਾ ਮੈਂਬਰ ਵਿਧਾਨ ਸਭਾ ਦਾ ਮੈਂਬਰ ਨਹੀਂ ਹੋਣਾ ਚਾਹੀਦਾ। ਇੱਕ ਤਿਹਾਈ ਮੈਂਬਰਾਂ ਨੂੰ ਲੋਕਲ ਬਾਡੀਜ਼ ਜਿਵੇਂ ਕਿ ਨਗਰ ਪਾਲਿਕਾਵਾਂ, ਨਗਰ ਨਿਗਮ, ਨਗਰ ਪ੍ਰੀਸ਼ਦਾਂ, ਗਰਾਮ ਪੰਚਾਇਤ, ਪੰਚਾਇਤ ਸੰਮਤੀਆਂ ਅਤੇ ਜ਼ਿਲਾ ਸੰਮਤੀਆਂ ਦੇ ਮੈਂਬਰ ਚੁਣਦੇ ਹਨ। ਕੁੱਲ ਮੈਂਬਰ ਗਿਣਤੀ ਦੇ ਛੇਵੇਂ ਹਿੱਸੇ ਦੇ ਬਰਾਬਰ ਮੈਂਬਰਾਂ ਦੀ ਚੋਣ ਦਾ ਅਧਿਕਾਰ ਰਾਜਪਾਲ ਨੂੰ ਪੂਰਾ ਹੈ। ਰਾਜਪਾਲ ਸਾਹਿਤ, ਵਿਗਿਆਨ, ਕਲਾ, ਸਹਿਕਾਰੀ ਅੰਦੋਲਨ ਅਤੇ ਸਮਾਜ ਸੇਵਾ ਨਾਲ ਜੁੜੇ ਵੱਕਾਰੀ ਲੋਕਾਂ ਨੂੰ ਵਿਧਾਨ ਪ੍ਰੀਸ਼ਦ ਲਈ ਨਾਮਜ਼ਦ ਕਰ ਸਕਦੇ ਹਨ। 12 ਹਿੱਸੇ ਦੇ ਬਰਾਬਰ ਮੈਂਬਰਾਂ ਦੀ ਚੋਣ ਗ੍ਰੈਜੂਏਟ ਕਰਦੇ ਹਨ ਅਤੇ ਇੰਨੇ ਹੀ ਹੋਰ ਮੈਂਬਰਾਂ ਦੀ ਚੋਣ ਵਿਦਿਅਕ ਸੰਸਥਾਵਾਂ, ਸੈਕੰਡਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕ ਕਰਦੇ ਹਨ।

ਵਿਧਾਨ ਪ੍ਰੀਸ਼ਦਾਂ ਦੇ ਖਾਤਮੇ ਦਾ ਪੱਖ ਲੈਣ ਵਾਲਿਆਂ ਦੇ ਆਪਣੇ ਤਰਕ ਹਨ। ਸਭ ਤੋਂ ਵੱਡਾ ਤਰਕ ਇਹ ਹੈ ਕਿ ਸਿਆਸੀ ਦਲ ਵਿਧਾਨ ਸਭਾ ਪ੍ਰੀਸ਼ਦਾਂ ਦੀ ਵਰਤੋਂ ਆਪਣੇ ਅਜਿਹੇ ਨੇਤਾਵਾਂ ਨੂੰ ਐਡਜਸਟ ਕਰਨ ਲਈ ਕਰਦੇ ਹਨ, ਜੋ ਚੋਣ ਨਹੀਂ ਜਿੱਤ ਸਕਦੇ। ਦੂਜਾ ਤਰਕ ਇਹ ਹੈ ਕਿ ਇਸ ਕਾਰਨ ਵਿਕਾਸ ਕੰਮਾਂ ਦੀ ਰਫਤਾਰ ਪ੍ਰਭਾਵਤ ਹੁੰਦੀ ਹੈ। ਵਿਧਾਨ ਸਭਾ ਤੋਂ ਪਾਸ ਪ੍ਰਸਤਾਵਾਂ ਨੂੰ ਇੱਕ ਵਾਰ ਫਿਰ ਵਿਚਾਰ ਲਈ ਭੇਜਣਾ ਹੁੰਦਾ ਹੈ। ਦਲਗਤ ਰਾਜਨੀਤੀ ਕਾਰਨ ਅੜਚਨਾਂ ਹੋਰ ਵਧ ਜਾਂਦੀਆਂ ਹਨ। ਇਸ ਨਾਲ ਕੰਮ ਨੂੰ ਮੂਰਤ ਰੂਪ ਦੇਣ ਵਿੱਚ ਗੈਰ ਜ਼ਰੂਰੀ ਦੇਰ ਹੁੰਦੀ ਹੈ। ਵਿਧਾਨ ਪ੍ਰੀਸ਼ਦ ਦਾ ਵਿਰੋਧ ਕਰਨ ਵਾਲੇ ਇਸ ਨੂੰ ਸੂਬੇ 'ਤੇ ਬੇਮਤਲਬ ਦਾ ਆਰਥਿਕ ਬੋਝ ਮੰਨਦੇ ਰਹੇ ਹਨ।

ਹਾਲ ਹੀ 'ਚ 27 ਜਨਵਰੀ 2020 ਨੂੰ ਆਂਧਰਾ ਪ੍ਰਦੇਸ਼ ਮੰਤਰੀ ਮੰਡਲ ਨੇ ਦੇਸ਼ ਪ੍ਰਦੇਸ਼ ਦੀ ਵਿਧਾਨ ਪ੍ਰੀਸ਼ਧ ਦੇ ਖਾਤਮੇ ਦਾ ਫੈਸਲਾ ਕੀਤਾ। ਵਿਧਾਨ ਪ੍ਰੀਸ਼ਦ ਨੇ ਪਿਛਲੇ ਮਹੀਨੇ ਦੇ ਅਖੀਰ ਵਿੱਚ ਪਹਿਲਾਂ ਵਿਧਾਨ ਸਭਾ ਤੋਂ ਪਾਸ ਹੋ ਕੇ ਆਏ ਰਾਜਧਾਨੀ ਵਿਕੇਂਦਰੀਕਰਨ ਬਿੱਲ ਨੂੰ ਮੁੜ ਵਿਚਾਰ ਲਈ ਸਿਲੈਕਟ ਕਮੇਟੀ ਨੂੰ ਭੇਜ ਦਿੱਤਾ। ਇਸ ਉਪਰੀ ਸਦਨ 'ਚ ਵਿਰੋਧੀ ਤੇਲਗੂਦੇਸ਼ਮ ਪਾਰਟੀ (ਟੀ ਡੀ ਪੀ) ਦਾ ਬਹੁਮਤ ਹੈ।

ਸੂਬੇ 'ਚ ਜਗਨਮੋਹਨ ਰੈਡੀ ਦੀ ਅਗਵਾਈ 'ਚ ਵਾਈ ਐਸ ਆਰ ਕਾਂਗਰਸ ਦੀ ਸਰਕਾਰ ਹੈ। ਜਗਨਮੋਹਨ ਰੈਡੀ ਦੀ ਸਰਕਾਰ ਸੂਬੇ ਵਿੱਚ ਤਿੰਨ ਰਾਜਧਾਨੀਆਂ ਬਣਾਉਣਾ ਚਾਹੁੰਦੀ ਹੈ। ਇਨ੍ਹਾਂ 'ਚ ਪ੍ਰਸ਼ਾਸਕੀ ਰਾਜਧਾਨੀ ਵਿਸ਼ਾਖਾਪਟਨਮ 'ਚ, ਵਿਧਾਨ ਪਾਲਿਕਾ ਰਾਜਧਾਨੀ ਅਮਰਾਵਤੀ 'ਚ ਅਤੇ ਨਿਆਇਕ ਰਾਜਧਾਨੀ ਕੁਰਨੂਰ 'ਚ। ਇਸ ਲਈ ਰਾਜਧਾਨੀ ਵਿਕੇਂਦਰੀਕਰਨ ਬਿੱਲ ਲਿਆਂਦਾ ਗਿਆ। ਮੁੱਖ ਵਿਰੋਧੀ ਦਲ ਟੀ ਡੀ ਪੀ ਸਰਕਾਰ ਦੇ ਇਸ ਕਦਮ ਦਾ ਵਿਰੋਧ ਕਰ ਰਹੀ ਹੈ। ਉਦੋਂ ਦੀ ਟੀ ਡੀ ਪੀ ਦੀ ਚੰਦਰਬਾਬੂ ਨਾਇਡੂ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੀ ਵੰਡ ਤੋਂ ਬਾਅਦ ਅਮਰਾਵਤੀ ਨੂੰ ਰਾਜਦਾਨੀ ਬਣਾਉਣ 'ਚ ਲੱਗ ਗਈ ਸੀ, ਪਰ ਆਪੋਜ਼ੀਸ਼ਨ ਦੇ ਨੇਤਾ ਜਗਨ ਬਾਬੂ ਨੂੰ ਇਹ ਮਨਜ਼ੂਰ ਨਹੀਂ ਸੀ, ਜਿਵੇਂ ਹੀ ਉਹ ਸਰਕਾਰ ਵਿੱਚ ਆਏ, ਉਨ੍ਹਾਂ ਨੇ ਆਪਣਾ ਮੰਤਵ ਸਪੱਸ਼ਟ ਕਰ ਦਿੱਤਾ ਅਤੇ ਰਾਜਧਾਨੀ ਨੂੰ ਬਦਲਣ ਜਾਂ ਤੋੜਨ ਲੱਗ ਗਏ। ਵਿਧਾਨ ਸਭਾ ਵਿੱਚ ਇਹ ਬਿੱਲ ਸਰਬਸੰਮਤੀ ਨਾਲ ਪਾਸ ਕਰਾ ਦਿੱਤਾ। ਵਿਧਾਨ ਸਭਾ ਵਿੱਚ ਚੰਦਰਬਾਬੂ ਨਾਇਡੂ ਦੀ ਪਾਰਟੀ ਕਾਫੀ ਕਮਜ਼ੋਰ ਹੈ, ਪਰ ਵਿਧਾਨ ਪ੍ਰੀਸ਼ਦ 'ਚ ਸੱਤਾਧਾਰੀ ਵਾਈ ਐੱਸ ਆਰ ਕਾਂਗਰਸ ਕਮਜ਼ੋਰ ਸਥਿਤੀ ਵਿੱਚ ਹੈ। 58 ਮੈਂਬਰੀ ਵਿਧਾਨ ਪ੍ਰੀਸ਼ਦ ਵਿੱਚ ਵਾਈ ਐਸ ਆਰ ਕਾਂਗਰਸ ਦੇ ਸਿਰਫ ਨੌਂ ਮੈਂਬਰ ਹਨ।

ਦੂਸਰੇ ਪਾਸੇ ਟੀ ਡੀ ਪੀ ਦੇ 28 ਮੈਂਬਰ ਹਨ। ਅਜਿਹੀ ਹਾਲਾਤ ਵਿੱਚ ਉਪਰੀ ਸਦਨ ਦਾ ਸੰਤੁਲਨ 2021 ਤੱਕ ਸੱਤਾਧਾਰੀ ਦਲ ਦੇ ਪੱਖ ਵਿੱਚ ਆਉਂਦਾ ਨਹੀਂ ਦਿਸ ਰਿਹਾ। ਇਸ ਲਈ ਮੁੱਖ ਮੰਤਰੀ ਜਗਨਮੋਹਨ ਰੈਡੀ ਨੂੰ ਲੱਗ ਰਿਹ ਹੈ ਕਿ ਉਪਰੀ ਸਦਨ ਸਿਰਫ ਕੰਮ ਵਿੱਚ ਰੋੜੇ ਅਟਕਾ ਰਿਹਾ ਹੈ। ਇਸ ਲਈ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਵਿੱਚ ਇਸ ਦੇ ਖਾਤਮੇ ਦਾ ਪ੍ਰਸਤਾਵ ਲਿਆਉਣ ਦੀ ਤਿਆਰੀ ਕਰ ਰਹੀ ਹੈ। ਜਗਨਮੋਹਨ ਮੰਡਲ ਨੇ ਇਸ ਨੂੰ ਹਰੀ ਝੰਡੀ ਵੀ ਦੇ ਦਿੱਤੀ ਹੈ। ਆਂਧਰਾ ਪ੍ਰਦੇਸ਼ 'ਚ ਪਹਿਲਾਂ ਵੀ ਅਜਿਹਾ ਹੋ ਚੁੱਕਾ ਹੈ। ਆਂਧਰਾ ਪ੍ਰਦੇਸ਼ ਵਿੱਚ ਵਿਧਾਨ ਪ੍ਰੀਸ਼ਦ ਦੀ ਸਥਾਪਨਾ 1958 'ਚ ਕੀਤੀ ਗਈ ਸੀ।

1985 ਵਿੱਚ ਇਸ ਨੂੰ ਖਤਮ ਕਰ ਦਿੱਤਾ ਗਿਆ ਸੀ। ਉਸ ਤੋਂ ਬੱਾਦ 2007 ਵਿੱਚ ਫਿਰ ਤੋਂ ਇਸ ਦੀ ਸਥਾਪਨਾ ਕੀਤੀ ਗਈ ਸੀ, ਪਰ ਸੱਚਾਈ ਇਹੀ ਹੈ ਕਿ ਵਿਧਾਨ ਪ੍ਰੀਸ਼ਦਾਂ ਦੀ ਹੁਣ ਵਰਤੋਂ ਸਿਆਸੀ ਜ਼ਿਆਦਾ ਹੋ ਗਈ ਹੈ। ਉਂਝ ਵੀ ਬਹੁਮਤ ਦੀਆਂ ਸਰਕਾਰਾਂ ਜੋ ਚਾਹੁੰਦੀਆਂ ਹਨ ਤਾਂ ਉਹ ਆਪਣੇ ਕੰਮ ਕਰਵਾ ਹੀ ਲੈਂਦੀਆਂ ਹਨ ਤਾਂ ਅਜਿਹੀ ਹਾਲਤ ਵਿੱਚ ਪ੍ਰੀਸ਼ਦਾਂ ਦਾ ਬੋਝ ਸੂਬਾਈ ਸਰਕਾਰਾਂ ਕਿਉਂ ਉਠਾਉਣ ਅਤੇ ਉਨ੍ਹਾਂ 'ਤੇ ਕੀਤੇ ਜਾਣ ਵਾਲੇ ਖਰਚ ਨਾਲ ਪਤਾ ਨਹੀਂ ਕਿੰਨੇ ਸਕੂਲ ਅਤੇ ਕਾਲਜ ਬਣ ਸਕਦੇ ਹਨ। ਤਾਂ ਫਿਰ ਇਹ ਕੰਮ ਹੀ ਸਰਕਾਰਾਂ ਕਿਉਂ ਨਾ ਕਰਨ।

# ਨਾਂ-ਕੁਨਾਂ ਤੇ ਅੱਲ ਹੀ ਪਛਾਣ

-ਗੁਰਦੇਵ ਸਿੰਘ ਜੌਹਲ

ਬਹੁਤ ਸਾਰੇ ਸੂਰਜੀ ਮੰਡਲਾਂ 'ਚੋਂ ਇੱਕ ਹੈ ਸਾਡਾ ਮੰਡਲ ਜਿਸ 'ਚ ਸੂਰਜ ਇੱਕ ਤਾਰਾ ਹੈ ਅਤੇ ਇਸ ਦੁਆਲੇ ਅੱਠ ਗ੍ਰਹਿ ਘੁੰਮਦੇ ਹਨ। ਇੱਕ-ਦੋ ਨੂੰ ਛੱਡ ਕੇ ਹਰ ਗ੍ਰਹਿ ਦੇ ਉਪ-ਗ੍ਰਹਿ ਹਨ। ਧਰਤੀ ਨੂੰ ਛੱਡ ਕੇ ਬਾਕੀ ਗ੍ਰਹਿਆਂ ਦੇ ਨਾਂਅ ਅੰਗਰੇਜ਼ੀ ਜਾਂ ਯੂਨਾਨ ਦੇ ਦੇਵੀ-ਦੇਵਤਿਆਂ ਦੇ ਨਾਂਅ 'ਤੇ ਰੱਖੇ ਹੋਏ ਹਨ। ਧਰਤੀ 'ਤੇ ਜੀਵਨ ਹੈ। ਬਾਕੀਆਂ 'ਤੇ ਪਤਾ ਨਹੀਂ, ਖੋਜ ਜਾਰੀ ਹੈ। ਸਾਡੀ ਧਰਤੀ ਦੇ ਕਈ ਮਹਾਦੀਪ, ਦੀਪ ਤੇ ਦੇਸ਼ ਹਨ। ਸਾਡਾ ਭਾਰਤ ਏਸ਼ੀਆ ਮਹਾਦੀਪ ਵਿੱਚ ਆਉਂਦਾ ਹੈ। ਮਹਾਦੀਪਾਂ, ਦੀਪਾਂ, ਸਮੁੰਦਰਾਂ, ਸਾਗਰਾਂ, ਮਹਾਸਾਗਰਾਂ, ਝੀਲਾਂ ਦੇਸ਼ਾਂ ਦੇ ਨਾਂਅ ਹਨ। ਬਾਬੇ ਨਾਨਕ ਨੇ ਕਿਹਾ ਸੀ ਕਿ ਸਾਡੀ ਧਰਤੀ ਵਰਗੀਆਂ ਹੋਰ ਵੀ ਧਰਤੀਆਂ ਹਨ। ਭਾਰਤ 'ਚ ਬਹੁਤ ਸਾਰੇ ਰਾਜ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਹਨ। ਹਰੇਕ ਦੀ ਪਛਾਣ ਉਨ੍ਹਾਂ ਦੇ ਨਾਂਅ ਹਨ।

ਪੰਜਾਬ ਸਾਡੇ ਸੂਬੇ ਦਾ ਨਾਂਅ ਹੈ, 22 ਜ਼ਿਲੇ ਹਨ ਜਿਨ੍ਹਾਂ ਦੇ ਵੱਖਰੇ-ਵੱਖਰੇ ਨਾਂਅ ਹਨ। ਹਰ ਜ਼ਿਲੇ 'ਚ ਬਹੁਤ ਸਾਰੇ ਪਿੰਡ ਹਨ। ਉਨ੍ਹਾਂ ਦੀ ਪਛਾਣ ਵੀ ਉਨ੍ਹਾਂ ਦੇ ਵੱਖਰੇ-ਵੱਖਰੇ ਨਾਂਅ ਹਨ। ਮੇਰੇ ਪਿੰਡ 'ਚ ਛੇ-ਸੱਤ ਪੱਤੀਆਂ ਹਨ। ਹਰਪੱਤੀ ਦਾ ਆਪਣਾ ਗੁਰਦੁਆਰਾ, ਸ਼ਮਸ਼ਾਨਘਾਟ, ਮੰਦਰ, ਛੱਪੜ ਹਨ। ਜਦੋਂ ਅਸੀਂ ਪਿੰਡੋਂ ਆਪਣੇ ਖੂਹ ਨੂੰ ਜਾਣਾ ਤਾਂ ਰਾਹ 'ਚ ਕਈ ਖੂਹ ਆਉਂਦੇ ਸਨ ਜਿਵੇਂ ਢੋਲਾ ਖੂਹ। ਇਥੇ ਬਹੁਤ ਹੀ ਬੜੇ ਪਿੱਪਲ ਹੁੰਦੇ ਸਨ। ਫਿਰ ਰਾਸ਼ਿਆਂ ਨੇ ਇਨ੍ਹਾਂ ਨੂੰ ਬੜੀ ਮਿਹਨਤ ਨਾਲ ਵੱਢਿਆ, ਕੱਟਿਆ। ਇਨ੍ਹਾਂ ਦੇ ਮੁੱਢ ਕਈ ਮਹੀਨੇ ਪਏ ਰਹੇ। ਫਿਰ ਇੱਕ ਲੋਹੜੀ ਨੂੰ ਮੁੰਡੇ ਰੋੜ੍ਹ ਕੇ ਝੰਡਿਆਂ ਵਾਲੇ ਚੌਕ 'ਚ ਲੈ ਗਏ। ਕਈ ਦਿਨ ਇਹ ਬਲਦੇ ਰਹੇ। ਬੋਘੇ ਕਿਆਂ ਦਾ ਬੀਰੀ ਮੇਰਾ 10ਵੀਂ ਜਮਾਤ ਤੱਕ ਜਮਾਤੀ ਰਿਹਾ। ਪਤਾ ਨਹੀਂ ਉਹਦੇ ਬਾਪ ਨੂੰ ਲੋਕੀ ਮਿੱਲੀ ਕਿਉਂ ਕਹਿੰਦੇ ਸਨ। ਮਿੱਲੀ ਉਚੀ ਧਰਮਸ਼ਾਲਾ ਲਾਰੀ ਅਮਲੀਆਂ ਦੀ ਸੰਗਤ ਤਕਰੀਬਨ ਰੋਜ਼ ਹੀ ਕਰਦਾ ਸੀ। ਅੱਗੇ ਦੋ ਖੂਹ ਸਨ। ਗਾਗੇ ਕਿਆਂ ਦੇ ਇੱਕ ਚੇਲ ਸਿੰਘ ਦਾ ਅਤੇ ਦੂਜਾ ਬੰਤ ਸਿੰਘ ਅਤੇ ਬਚਿੰਤ ਸਿੰਘ ਦਾ। ਬਚਿੰਤ ਸਿੰਘ ਦੇ ਮੁੰਡੇ ਡੋਡੇ ਬੀਜਦੇ ਸਨ। ਡੋਡਿਆਂ ਦੇ ਬੂਟਿਆਂ ਦੇ ਰੰਗ-ਬਿਰੰਗੇ ਫੁੱਲ ਬਹੁਤ ਹੀ ਸੋਹਣੇ ਲੱਗਦੇ ਸਨ, ਪਰ ਇਨ੍ਹਾਂ ਪਰਵਾਰਾਂ ਦੇ ਕਈ ਜੀਅ ਨਸ਼ਿਆਂ ਨੇ ਖਾ ਲਏ। ਚੇਲ ਸਿੰਘ ਦਾ ਭਰਾ ਕਰਮ ਸਿੰਘ ਸ਼ਾਇਦ ਛੜਾ ਸੀ। ਕਹਿੰਦੇ ਨੇ ਕਿ ਆਂਢੀ ਕਿਆਂ ਦੀ ਕਮਰੀ ਪੀਤੀਆਂ ਹੋਈਆਂ ਸਿਗਰਟਾਂ ਦੇ ਟੁਕੜੇ ਇਕੱਠੇ ਕਰ ਕੇ ਉਨ੍ਹਾਂ ਨੂੰ ਜੋੜ ਕੇ ਸੇਵਨ ਕਰਦੀ ਸੀ। ਥਾਬਲਕੇ ਪਿੰਡ ਸਾਡੇ ਖੂਹ ਦੇ ਨੇੜੇ ਸੀ। ਉਥੇ ਦਾ ਇੱਕ ਮੁੰਡਾ ਨੂਪੀ (ਅਨੂਪ) 10ਵੀਂ 'ਚ ਮੇਰਾ ਜਮਾਤੀ ਸੀ। ਉਸ ਦਾ ਚਾਚਾ ਆਤੂ (ਆਤਮਾ) ਲੰਬੜ ਬੜਾ ਮਿੱਠ ਬੋਲੜਾ ਸੀ। ਸ਼ਾਇਦ ਉਸ ਨੂੰ ਅੱਤਵਾਦੀਆਂ ਨੇ ਮਾਰ ਦਿੱਤਾ ਸੀ। ਇੱਕ ਘਰ ਸਰਦਾਰਾਂ ਦਾ ਵੀ ਸੀ ਤੇ ਇੱਕ ਚੀਕਾਂ ਵਾਲਿਆਂ ਦਾ। ਉਨ੍ਹਾਂ ਦੇ ਖੂਹ 'ਤੇ ਕਾਫੀ ਫਲਦਾਰ ਰੁੱਖ ਸਨ। ਫਲਾਂ ਦੇ ਲਾਲਚ ਕਾਰਨ ਮੇਰੀ ਉਨ੍ਹਾਂ ਦੇ ਦੀਪ ਨਾਲ ਦੋਸਤੀ ਸੀ। ਮੈਂ ਉਨ੍ਹਾਂ ਦੇ ਖੂਹ 'ਤੇ ਜਾ ਆਉਂਦਾ ਸਾਂ। ਇਸੇ ਪਿੰਡ ਦਾ ਭੱਗੋ (ਭਗਤ ਰਾਮ) ਸਾਡੇ ਪਿੰਡ ਜੁੱਤੀਆਂ ਦੀ ਦੁਕਾਨ ਕਰਦਾ ਸੀ। ਉਹ ਨਾਟਕਾਂ ਵਿੱਚ ਭਾਗ ਲੈਂਦਾ ਸੀ। ਆਪ ਭਗਤ ਰਵਿਦਾਸ ਜੀ ਦਾ ਰੋਲ ਕਰਦਾ ਸੀ। ਚੋਭਿਆਂ ਦਾ ਜਿਊਣ ਸਿਹੁੰ ਲੰਬੜਦਾਰ ਸੀ। ਬਾਬੇ ਲਾਲ ਸਿਹੁੰ ਦਾ ਨਾਂਅ ਆਜ਼ਾਦੀ ਘੁਲਾਟੀਆਂ 'ਚ ਪਹਿਲੇ ਨੰਬਰ 'ਤੇ ਆਉਂਦਾ ਸੀ। ਫੱਤੇ ਕਿਆਂ ਦੇ ਕਰਤਾਰ ਸਿਹੁੰ ਤੇ ਰਾਮ ਕੌਰ ਦੀ ਲੜਾਈ ਤੱਕ ਸਾਡੇ ਘਰ ਤੱਕ ਸੁਣਦੀ ਸੀ। ਫੱਤੇ ਕਿਆਂ ਦੇ ਛੱਪੜ ਦਾ ਨਾਂਅ ਫੱਤੇਆਣਾ ਅਤੇ ਖੂਹ ਨੂੰ ਫੱਤੇ ਕਿਆਂ ਦਾ ਖੂਹ ਕਹਿੰਦੇ ਸਨ। ਝੰਡਿਆਂ ਵਾਲੇ ਚੌਕ 'ਚ ਦੋ ਉਚੇ ਝੰਡੇ ਸਨ। ਇੱਕ ਕਾਮਰੇਡਾਂ ਦਾ ਤੇ ਇੱਕ ਕੌਮੀ ਝੰਡਾ। ਬਹੁਤੇ ਜਲਸੇ ਇਥੇ ਹੀ ਹੁੰਦੇ ਸਨ। ਲੋਹੜੀ ਦੀ ਮੁੱਖ ਧੂਣੀ ਵੀ ਇਥੇ ਹੀ ਲੱਗਦੀ ਸੀ। ਕਿਸੇ ਦੇ ਮਰਨ ਉਪਰੰਤ ਅਫਸੋਸ ਕਰਨ ਆਏ ਬੰਦੇ ਇਥੇ ਜਾਂ ਖਾਰੇ ਖੂਹ 'ਤੇ ਬੈਠਦੇ ਸਨ। ਝੰਡਿਆਂ ਵਾਲੇ ਚੌਕ ਲਾਗੇ ਅਮਲੀਆਂ ਦੀ ਧਰਮਸ਼ਾਲਾ ਸੀ। ਘੋਸੀਆਂ ਦੇ ਜੀਤ, ਧਾੜਵੀਆਂ ਦਾ ਸੁੱਚਾ ਮਸ਼ਹੂਰ ਸਨ।

ਸੁੰਡੀ ਕਿਆਂ ਦਾ ਜਵਾਈ ਮੇਰੇ ਤਾਏ ਦੇ ਪੁੱਤਰ ਦਾ ਭਾਈਵਾਲ ਸੀ। ਉੱਚੀ ਧਰਮਸ਼ਾਲਾ ਵਿੱਚ ਅਮਲੀ ਇਕੱਠੇ ਚਾਹ ਪੀਂਦੇ, ਡੋਡੇ ਪੀਂਦੇ ਅਤੇ ਪੰਜਾਬ ਦੀ ਰਾਜਨੀਤੀ 'ਤੇ ਵਿਚਾਰ-ਵਟਾਂਦਰਾ ਕਰਦੇ। ਨੇੜੇ ਦੇ ਪਿੰਡਾਂ ਦੇ ਅਮਲੀ ਵੀ ਇਥੇ ਆ ਜਾਂਦੇ। ਉਨ੍ਹਾਂ ਦਿਨਾਂ 'ਚ ਸਾਡੇ ਪਿੰਡ ਫੀਮ, ਡੋਡਿਆਂ ਦਾ ਠੇਕਾ ਹੁੰਦਾ ਸੀ।

ਪੂਰਨ ਕਨਾਲ ਕੁ ਜਗ੍ਹਾ 'ਚ ਤਮਾਖੂ ਬੀਜਦਾ ਸੀ। ਉਹਦਾ ਲੜਕਾ ਸੀ ਸੋਹਣ, ਜਿਸ ਨੂੰ ਸਾਰੇ ਟੋਡੀ ਕਹਿੰਦੇ ਸਨ, ਜੋ ਸਿਗਰਟਾਂ ਜੋੜ ਕੇ ਪੀਂਦਾ। ਸੋਹਣ ਦਾ ਮੁੰਡਾ ਨਿਰਮਲ ਧੁਨਸੀ ਕੌਮਾਂਤਰੀ ਪ੍ਰਸਿੱਧੀ ਵਾਲਾ ਚਿੱਤਰਕਾਰ ਹੈ। ਡਾਕਟਰਾਂ ਦੇ ਟੱਬਰ 'ਚ ਉਸ ਵੇਲੇ ਕੋਈ ਡਾਕਟਰ ਨਹੀਂ ਸੀ। ਇੱਕ ਹੋਰ ਟੱਬਰ ਸੀ ਰਸਾਲ ਕਿਆਂ ਦਾ, ਇੱਕ ਖੋਦਿਆਂ ਦਾ। ਬਿਸ਼ਨ ਸਿੰਘ ਨੂੰ ਆਮ ਲੋਕੀਂ ਵਿੱਸਾ ਕਹਿੰਦੇ ਸਨ। ਇਹ ਬਾਹਰੋਂ ਆਇਆ ਹੋਇਆ ਸੀ। ਮੋਹਲੇ ਕਿਆਂ ਦੇ ਨਾਜਰ ਨੂੰ ਸਾਰੇ ਕਾਲਾ ਨਾਜਰ ਕਹਿੰਦੇ ਸਨ। ਉਸ ਦਾ ਮੁੰਡਾ ਪਾਲਾ ਮੇਰਾ ਦਸਵੀਂ ਵਿੱਚ ਜਮਾਤੀ ਸੀ। ਪੂਰਨ ਬਜਾਜ ਦੀ ਬਜਾਜੀ ਦੀ ਦੁਕਾਨ ਸੀ।

ਦੁਕਾਨ ਅੰਦਰ ਦੀਵਾਰ 'ਤੇ ਇੱਕ ਬੜਾ ਸਾਰਾ ਕਲਾਕ ਲੱਗਾ ਹੁੰਦਾ ਸੀ। ਇਥੇ ਕੋਈ ਵੀ ਸਮਾਂ ਦੇਖ ਸਕਦਾ ਸੀ। ਜਦੋਂ ਕੋਈ ਬੱਚਾ ਪੈਦਾ ਹੰਦਾ, ਉਸ ਦੇ ਪੈਦਾ ਹੋਣ ਦਾ ਸਮਾਂ ਸਾਡੇ ਪੱਤੀ ਵਾਲੇ ਇਥੋਂ ਦੇਖਦੇ ਸਨ। ਦੇਸ ਰਾਜ ਸੋਢੇ ਵਾਲਾ, ਮਹਿੰਦਰ ਸੋਢੇ ਵਾਲਾ ਆਪਣੇ ਕਾਰੋਬਾਰ ਦੀ ਪਛਾਣ ਸਨ। ਧੁੰਨੀ ਕੀ ਪੱਤੀ ਤੋਂ ਸ਼ਹਿਰੀਆਂ ਦੇ ਟੱਬਰ ਦੇ ਜਸਬੀਰ ਸਿੰਘ ਜੌਹਲ ਬਹੁਤ ਸੁਲਝੇ ਹੋਏ ਵਿਅਕਤੀ ਸਨ। ਉਹ ਮੇਰੇ ਪਿੰਡ ਦੇ ਕਾਰਲ ਮਾਰਕਸ ਸਨ। ਭਾਈ ਚੈਂਚਲ ਸਿਹੁੰ ਤੇ ਬਾਬੇ ਕਿਆਂ ਦੇ ਟੱਬਰ ਨੇ ਆਜ਼ਾਦੀ ਦੀ ਲੜਾਈ ਲਈ ਵਿਸ਼ੇਸ਼ ਯੋਗਦਾਨ ਪਾਇਆ ਸੀ। ਪਿੰਡ ਦੀਆਂ ਬਾਕੀ ਪੱਤੀਆਂ 'ਚ ਵੀ ਪਰਵਾਰਾਂ ਦੀਆਂ ਅੱਲਾਂ ਹੀ ਉਨ੍ਹਾਂ ਟੱਬਰਾਂ ਦੀ ਪਛਾਣ ਸਨ।

ਖਾਨਗਾਹ, ਰਾਹੀਆਣਾ, ਗੁਰਦੁਆਰਾ, ਰਾਈਆਂ ਦਾ ਚੌਬਾਰਾ ਖਾਲਸਾ ਸਕੂਲ ਵਿੱਚ ਪੜ੍ਹਦੇ ਬੱਚਿਆਂ ਲਈ ਲੁਕਣ ਵਾਲੀਆਂ ਥਾਵਾਂ ਸਨ। ਨੂਰਮਹਿਲ ਨੂੰ ਜਾਂਦਿਆਂ ਰਾਹ ਵਿੱਚ ਆਉਂਦੀ ਜਬਰੂ ਦੀ ਖੂਹੀ 'ਤੇ ਵਿਸਾਖੀ ਦਾ ਮੇਲਾ ਲੱਗਦਾ ਸੀ। ਕੋਈ ਦੱਸ ਰਿਹਾ ਸੀ ਕਿ ਇੱਕ ਵਾਰੀ ਬਾਹਰਲਾ ਕੋਈ ਬੰਦਾ ਕਿਸੇ ਪਰਵਾਰ ਦੇ ਬੰਦੇ ਨੂੰ ਮਿਲਣ ਉਹਦੇ ਪਿੰਡ ਗਿਆ। ਉਸ ਨੇ ਉਸ ਦਾ ਘਰ ਪੁੱਛਣਾ ਸੀ। ਚੌਂਤੇ 'ਤੇ ਚਾਰ ਪੰਜ ਬੰਦੇ ਬੈਠੇ ਸਨ। ਉਹ ਕਹਿੰਦਾ ਕਿ ਮੈਂ ਫਲਾਣੇ ਬੰਦੇ ਘਰ ਜਾਣਾ ਹੈ। ਉਸ ਦੀ ਲੱਤ 'ਚ ਥੋੜ੍ਹਾ ਜਿਹਾ ਨੁਕਸ ਹੈ ਤਾਂ ਸੱਥ ਵਿੱਚ ਬੈਠਾ ਬੰਦਾ ਸੋਚੀਂ ਪੈ ਗਿਆ ਕਿ ਕੌਣ ਹੋ ਸਕਦਾ ਹੈ। ਦੂਜਾ ਬੋਲਿਆ, ''ਅੱਛਾ, ਅੱਛਾ! ਤੁਸੀਂ ਕੈਦੋ ਦੇ ਘਰ ਜਾਣਾ ਹੈ। ਸੋ, ਸੂਰਜੀ ਮੰਡਲ ਤੋਂ ਲੈ ਕੇ ਪਿੰਡ-ਸ਼ਹਿਰ ਦੇ ਕਿਸੇ ਵਿਅਕਤੀ ਤੱਕ ਨਾਂ-ਕੁਨਾਂ ਅੱਲ ਹੀ ਉਸ ਦੀ ਪਛਾਣ ਹਨ।

## ਪਸ਼ਤੋ ਕਹਾਣੀ

# ਸੰਨ 2035

-ਨੂਰ ਮੁਹੰਮਦ ਕਾਸੀ-

ਸੋਲ੍ਹਾਂ ਸਾਲ, ਖੁਸ਼ ਸ਼ਕਲ, ਖੂਬਸੂਰਤ ਨੌਜਵਾਨ ਅਕਮਲ ਖਾਨ ਨੇ ਆਪਣੀ ਚੌਦਾਂ ਸਾਲਾਂ ਦੀ ਜਵਾਨ ਭੈਣ ਜ਼ਰਲਿਸ਼ਤਾ ਦੇ ਨਾਲ ਸ਼ਾਖਾ ਨਾਮੀ ਪਿੰਡ, ਜੋ ਕੋਇਟਾ ਚਮਨ ਵਾਲੀ ਸੜਕ ਤੋਂ ਅੱਠ ਕਿਲੋਮੀਟਰ ਦੇ ਫਾਸਲੇ 'ਤੇ ਹੈ, ਜਾਣਾ ਸੀ। ਉਥੋਂ ਪੈਦਲ ਉਹ ਪੱਕੀ ਸੜਕ ਤੱਕ ਪਹੁੰ-ਚੇ। ਉਨ੍ਹਾਂ ਨੇ ਇਹ ਅੱਠ ਕਿਲੋਮੀਟਰ ਰਸਤਾ ਦੋ ਘੰਟੇ ਵਿੱਚ ਮੁਕਾਇਆ। ਉਨ੍ਹਾਂ ਨੂੰ ਪੱਕੀ ਸੜਕ 'ਤੇ ਖੜ੍ਹੇ ਰਹਿ ਕੇ ਬਹੁਤ ਦੇਰ ਬਸ ਦੀ ਉਡੀਕ ਕਰਨੀ ਪਈ। ਲੰਬੀ ਉਡੀਕ ਤੋਂ ਜ਼ਰਲਿਸ਼ਤਾ ਨੂੰ ਬਹੁਤ ਤਕਲੀਫ ਹੋਈ ਕਿਉਂਕਿ ਇੱਕ ਉਹ ਗੁਰਦੇ ਦੀ ਦਰਦ ਤੋਂ ਬੇਹਾਲ ਸੀ। ਦੂਜੇ ਖੜ੍ਹੇ ਰਹਿ ਕੇ ਬਸ ਦੀ ਲੰਬੀ ਉਡੀਕ ਨੇ ਦੁਖੀ ਕਰ ਦਿੱਤਾ ਸੀ। ਇਸ ਤੋਂ ਉਤੇ ਕਰੇਲੇ ਨੂੰ ਨਿੰਮ ਦੀ ਪਾਣ ਇਹ ਕਿ ਵੋਲਦਿਕ ਵਾਲੇ ਪਾਸਿਓਂ ਉੱਡਦੀ ਹੋਈ ਸੁਰਖ਼ ਰੇਤ ਵਾਲੀ ਠੰਢੀ ਹਵਾ, ਜਨਵਰੀ ਦੇ ਮਹੀਨੇ 'ਚ ਇਸ ਖੁੱਲ੍ਹੇ ਮੈਦਾਨ ਵਿੱਚ ਇੱਕ ਪਲ ਖੜ੍ਹੇ ਹੋਣਾ ਵੀ ਮੁਸੀਬਤ ਦਾ ਕਹਿਰ ਸੀ।

ਜਦੋਂ ਵੀ ਹਵਾ ਦਾ ਬੁੱਲਾ ਆਉਂਦਾ ਜ਼ਰਲਿਸ਼ਤਾ ਦੇ ਮੂੰਹ ਤੋਂ ਬੁਰਕੇ ਦਾ ਪਰਦਾ ਉਠ ਜਾਂਦਾ ਅਤੇ ਉਸ ਦੀ ਮੂੰਹ ਨੰਗਾ ਹੋ ਜਾਂਦਾ। ਭਰਾ ਕਹਿਰ ਭਰੀਆਂ ਨਜ਼ਰਾਂ ਨਾਲ ਉਸ ਵੱਲ ਦੇਖਦਾ। ਜ਼ਰਲਿਸ਼ਤਾ ਇਨ੍ਹਾਂ ਘੂਰਦੀਆਂ ਅੱਖਾਂ ਦਾ ਅਰਥ ਸਮਝਦੀ ਸੀ। ਉਹ ਝੱਟ ਦੇਣੀ ਬੁਰਕਾ ਠੀਕ ਕਰ ਕੇ ਆਪਣਾ ਮੂੰਹ ਲੁਕਾਉਣ ਦੀ ਕੋਸ਼ਿਸ਼ ਕਰਦੀ ਤੇ ਡਰਦੀ-ਡਰਦੀ ਹੌਲੀ ਆਵਾਜ਼ ਨਾਲ ਬੁੜਬੁੜਾਉਂਦੀ। ਦੋ-ਤਿੰਨ ਵਾਰ ਅਕਮਲ ਨੇ ਇਸ ਦ੍ਰਿਸ਼ ਨੂੰ ਠੰਢੇ ਦਿਮਾਗ ਨਾਲ ਸਹਾਰਿ-ਰਆ, ਪਰ ਜਦੋਂ ਅਗਲੀ ਵਾਰ ਠੰਢੀ ਹਵਾ ਦੇ ਬੁੱਲੇ ਨਾਲ ਮੂੰਹ ਤੋਂ ਪਰਦਾ ਉਡਿਆ ਤੇ ਮੂੰਹ ਨੰਗਾ ਹੋ ਗਿਆ ਤਾਂ ਜ਼ਰਲਿਸ਼ਤਾ ਨੇ ਬੁੜਬੁੜ ਕਰਦਿਆਂ ਛੇਤੀ ਦੇਣੀ ਮੂੰਹ ਢਕਣ ਦੀ ਕੋਸ਼ਿਸ਼ ਕੀਤੀ, ਪਰ ਅਕਮਲ ਦਾ ਸਬਰ ਖਤਮ ਹੋ ਗਿਆ। ਉਹ ਗੁੱਸੇ ਵਿੱਚ ਚੀਕਿਆ, ''ਤੂੰ ਮੂੰਹ 'ਚ ਕੀ ਬੁੜਬੁੜਾ ਰਹੀ ਏਂ। ਮੈਂ ਦੇਖਦਾ ਹਾਂ ਤਾਂ ਮੂੰਹ ਢੱਕ ਕੇ ਬੁੜਬੁੜਾਉਣ ਲੱਗ ਪੈਂਦੀ ਏਂ।''

ਜ਼ਰਲਿਸ਼ਤਾ ਭਰਾ ਦੀ ਇਸ ਗੱਲ ਤੋਂ ਗੁੱਸੇ ਹੋਈ ਬੋਲੀ, ''ਖੁਦ ਆਰਾਮ ਨਾਲ ਖੜ੍ਹਾ ਹੈਂ, ਆਪਣੀ ਗਰਮ ਚਾਦਰ ਲਾਹ ਕੇ ਮੇਰੀ ਚਾਦਰ ਲੈ ਕੇ ਇਸ ਠੰਢੀ ਹਵਾ 'ਚ ਖੜ੍ਹੇ ਹੋ ਕੇ ਦੇਖ ਤਾਂ ਪਤਾ ਲੱਗੇ। ਇਥੇ ਹੋਰ ਹੈ ਕੌਣ, ਜਿਸ ਤੋਂ ਪਰਦਾ ਕਰਾਂ? ਕੋਈ ਪੱਥਰਾਂ, ਚੱਟਾਨਾਂ ਤੋਂ ਵੀ ਪਰਦਾ ਕਰਦਾ ਹੈ? ਇਥੇ ਤੇਰੇ ਬਿਨਾਂ ਹੈ ਕੌਣ, ਜੋ ਮੇਰਾ ਰੇਤ ਨਾਲ ਭਰਿਆ ਮੂੰਹ ਦੇਖੇਗਾ।'' ਦੋਵਾਂ ਨੇ ਇੱਕ ਵਾਰ ਫਿਰ ਸੜਕ ਨੂੰ ਗੌਰ ਨਾਲ ਦੇਖਿਆ। ਬਹੁਤ ਦੂਰ ਇੱਕ ਟਰੈਕਟਰ ਆਉਂਦਾ ਦਿਸਿਆ। ਦੋਵੇਂ ਲੰਬੀ ਉਡੀਕ ਕਰਦੇ ਉਕਤਾ ਗਏ ਸਨ। ਜ਼ਰਲਿਸ਼ਤਾ ਨੇ ਆਪਣੇ ਭਰਾ ਨੂੰ ਪੁੱਛਿਆ, ''ਯੇ ਕੰਬਖਤ ਬਸ ਅੱਜ ਕਿਉਂ ਨਹੀਂ ਆ ਰਹੀ?''

''ਮੈਨੂੰ ਕੀ ਪਤਾ, ਅੱਜ ਕੀ ਮੁਸੀਬਤ ਆਈ ਹੈ? ਇਸ ਸੜਕ 'ਤੇ ਬੱਸਾਂ ਦੀ ਲਾਈਨ ਲੱਗੀ ਰਹਿੰਦੀ ਸੀ। ਜੇ ਤੇਰੀ ਸਲਾਹ ਹੋਵੇ ਤਾਂ ਉਸ ਆ ਰਹੇ ਟਰੈਕਟਰ 'ਤੇ ਚੱਲੀਏ?'' ਦੁਖੀ ਹੋਏ ਅਕਮਲ ਨੇ ਭੈਣ ਤੋਂ ਪੁੱਛਿਆ। ਠੰਢੀ ਹੱਡ ਚੀਰਨ ਵਾਲੀ ਹਵਾ ਅਤੇ ਜ਼ਰਲਿਸ਼ਤਾ ਦਾ ਬਿਮਾਰ ਅਤੇ ਕਮਜ਼ੋਰ ਸਰੀਰ, ਸ਼ਾਖਾ ਪਿੰਡ ਤੋਂ ਇਥੇ ਤੱਕ ਪੈਦਲ ਆਉਣ ਅਤੇ ਲੰਬੀ ਉਡੀਕ ਨੇ ਉਸ ਕੋਲੋਂ ਕੁਝ ਕਹਿਣ ਦੀ ਸ਼ਕਤੀ ਖੋਹ ਲਈ ਸੀ। ਉਸ ਨੇ ਬੜੀ ਔਖ ਨਾਲ ਇੰਨਾ ਕਿਹਾ, ''ਠੀਕ ਹੈ ਜਿਵੇਂ ਤੇਰੀ ਮਰਜ਼ੀ।'' ਉਹ ਹੋਰ ਖੜ੍ਹੀ ਨਾ ਰਹਿ ਸਕੀ ਅਤੇ ਸੜਕ ਕਿਨਾਰੇ ਪੱਥਰ 'ਤੇ ਬੈਠ ਗਈ। ਟਰੈਕਟਰ ਅਜੇ ਬਹੁਤ ਦੂਰ ਸੀ। ਅਕਮਲ ਦਿਲ ਹੀ ਦਿਲ ਦੁਆਵਾਂ ਮੰਗ ਰਿਹਾ ਸੀ ਕਿ ਟਰੈਕਟਰ ਜਲਦੀ ਆ ਜਾਵੇ, ਕਿਸੇ ਹੋਰ ਪਾਸੇ ਨਾ ਮੁੜ ਜਾਵੇ।

ਉਸ ਨੇ ਆਪਣੀ ਪੱਗ ਠੀਕ ਕੀਤੀ ਤੇ ਦੂਰੋਂ ਟਰੈਕਟਰ ਨੂੰ ਰੁਕਣ ਦਾ ਇਸ਼ਾਰਾ ਕੀਤਾ। ਡਰਾਈਵਰ ਨੇ ਅਜੇ ਬ੍ਰੇਕ ਨਹੀਂ ਲਾਈ ਸੀ, ਅਕਮਲ ਉਸ ਨੂੰ ਕਹਿਣ ਲੱਗਾ, ''ਅਸੀਂ ਇਥੇ ਬਹੁਤ ਦੇਰ ਤੋਂ ਬਸ ਦੀ ਉਡੀਕ ਕਰਦੇ ਥੱਕ ਗਏ ਹਾਂ, ਮੇਰੀ ਭੈਣ ਬਹੁਤ ਬਿਮਾਰ ਹੈ, ਇਸ ਨੂੰ ਹਸਪਤਾਲ ਲਿਜਾਣਾ ਹੈ, ਤੁਸੀਂ ਅੱਗੇ ਲੈ ਚੱਲੋਗੇ ਤਾਂ ਬੜੀ ਮਿਹਰਬਾਨੀ ਹੋਵੇਗੀ।'' ਡਰਾਈਵਰ ਨੇ ਇਸ਼ਾਰੇ ਨਾਲ ਰੁਕਦੀ ਟਰਾਲੀ 'ਚ ਬੈਠਣ ਨੂੰ ਕਿਹਾ। ਛੇਤੀ ਨਾਲ ਦੋਵੇਂ ਉਸ ਵਿੱਚ ਸਵਾਰ ਹੋ ਗਏ। ਟਰਾਲੀ 'ਚ ਚੜ੍ਹਨ ਲੱਗਿਆ ਜ਼ਰਲਿਸ਼ਤਾ ਦਾ ਹਿਜ਼ਾਬ ਫਿਰ ਮੂੰਹ ਤੋਂ ਉਡ ਗਿਆ। ਅਕਮਲ ਨੇ ਫਿਰ ਉਸ ਵੱਲ ਗੁੱਸੇ ਨਾਲ ਦੇਖਿਆ। ਜ਼ਰਲਿਸ਼ਤਾ ਜਵਾਬ 'ਚ ਫਿਰ ਬੁੜਬੁੜਾਈ। ''ਤੁਸੀਂ ਆਦਮ ਜਾਤ ਚੰਗੇ ਹੋ, ਤੁਹਾਡੀ ਸੋਚ ਹੈ ਕਿ ਔਰਤ ਬੇਸ਼ੱਕ ਆਸਮਾਨ 'ਤੇ ਵੀ ਪਹੁੰਚ ਜਾਏ, ਫਿਰ ਵੀ ਹਿਜਾਬ 'ਚ ਰਹਿਣੀ ਚਾਹੀਦੀ ਹੈ। ਬੇਸ਼ੱਕ ਟਰੈਕਟਰ 'ਤੇ ਚੜ੍ਹਦਿਆਂ ਉਸ ਦੇ ਦੰਦ ਕਿਉਂ ਨਾ ਨਿਕਲ ਜਾਣ। ਚਾਹੇ ਲੱਤ-ਬਾਂਹ ਟੁੱਟ ਜਾਵੇ। ਆਦਮੀਆਂ ਨੂੰ ਕੋਈ ਪ੍ਰਵਾਹ ਨਹੀਂ।''

ਅਕਮਲ ਨੂੰ ਟਰੈਕਟਰ ਦੀ ਆਵਾਜ਼ 'ਚ ਭੈਣ ਦੀ ਗੱਲ ਨਹੀਂ ਸੁਣੀ। ਸ਼ਾਇਦ ਉਸ ਨੇ ਇਹ ਠੀਕ ਨਹੀਂ ਸਮਝਿਆ ਕਿ ਅਜਨਬੀ ਡਰਾਈਵਰ ਦੇ ਸਾਹਮਣੇ ਭੈਣ ਨਾਲ ਬਹਿਸ ਕਰੇ। ਉਸ ਨੇ ਡਰਾਈਵਰ ਦੇ ਨੇੜੇ ਹੁੰਦਿਆਂ ਪੁੱਛਿਆ, ''ਕਿਉਂ ਭਾਈ ਸਾਹਿਬ। ਅੱਜ ਕੀ ਆਫਤ ਆ ਗਈ ਕਿ ਨਾ ਕੋਈ ਬਸ ਤੇ ਨਾ ਹੀ ਗੱਡੀ, ਕੁਝ ਨਹੀਂ ਆਇਆ?''

ਡਰਾਈਵਰ ਨੇ ਹੈਰਾਨੀ ਨਾਲ ਉਸ ਵੱਲ ਦੇਖਦਿਆਂ ਕਿਹਾ ਕਿ ਤੈਨੂੰ ਨਹੀਂ ਪਤਾ। ਅਕਮਲ ਨੇ ਨਾਂਹ 'ਚ ਸਿਰ ਹਿਲਾ ਦਿੱਤਾ। ਫਿਰ ਡਰਾਈਵਰ ਨੇ ਦੱਸਿਆ ਕਿ ਅੱਜ ਪੂਰੇ ਇਲਾਕੇ 'ਚ ਪੁਲਸ ਦੀ ਜ਼ਿਆਦਤੀ ਦੇ ਖਿਲਾਫ ਟਰਾਂਸਪੋਰਟਰਾਂ ਨੇ ਹੜਤਾਲ ਕੀਤੀ ਹੈ। ਇਹ ਸੁਣ ਕੇ ਅਕਮਲ ਨੇ ਉਸ ਨੂੰ ਸਵਾਲ ਦਾਗ ਦਿੱਤਾ, ''ਫਿਰ ਤੁਸੀਂ ਹੜਤਾਲ ਉਤੇ ਕਿਉਂ ਨਹੀਂ ਕੀਤੀ?'' ਡਰਾਈਵਰ ਨੇ ਇੱਕ ਵਾਰ ਅੱਗੇ ਟੁੱਟੀ ਹੋਈ ਸੜਕ ਵੱਲ ਦੇਖਿਆ ਤੇ ਫਿਰ ਹੈਰਾਨੀ ਅਤੇ ਗੌਰ ਨਾਲ ਅਕਮਲ ਵੱਲ ਦੇਖਿਆ। ਉਹ ਹੈਰਾਨ ਸੀ ਕਿ ਇਸ ਨੌਜਵਾਨ ਨੂੰ ਕੀ ਜਵਾਬ ਦੇਵੇ। ਫਿਰ ਉਸ ਨੇ ਇੰਨਾ ਹੀ ਕਿਹਾ, ''ਭਰਾ ਖਾਨ ਦੇ ਬਾਗਾਂ ਨੂੰ ਡੈਮ ਦੇ ਪਾਣੀ ਨੇ ਖਰਾਬ ਕਰ ਦਿੱਤਾ ਹੈ। ਉਸ ਦਾ ਫੋਨ ਆਇਆ ਸੀ ਕਿ ਮੈਂ ਜ਼ਰੂਰ ਆਵਾਂ। ਇਸ ਲਈ ਜਾ ਰਿਹਾ ਹਾਂ।'' ਜ਼ਰਲਿਸ਼ਤਾ ਜੋ ਟਰਾਲੀ 'ਚ ਬੈਠੀ ਠੰਢੀ ਹਵਾ ਤੇ ਝਟਕਿਆਂ ਦੀ ਤਕਲੀਫ ਸਹਿ ਰਹੀ ਸੀ, ਗੁਰਦੇ ਦੀ ਦਰਦ ਨਾਲ ਬੇਹਾਲ ਹੋਣ ਲੱਗੀ ਸੀ। ਉਸ ਦਾ ਚਿਹਰਾ ਪੀਲਾ ਪੈ ਗਿਆ ਸੀ। ਉਸ ਨੇ ਦੋਵਾਂ ਹੱਥਾਂ ਨਾਲ ਆਪਣੀ ਦੁਖਦੀ ਵੱਖੀ ਨੂੰ ਘੁੱਟ ਕੇ ਫੜਿਆ ਹੋਇਆ ਸੀ। ਉਸ ਦਾ ਨੱਕ ਅਤੇ ਗੱਲ੍ਹਾਂ ਇੰਝ ਲਾਲ ਹੋ ਗਈਆਂ ਸੀ, ਜਿਵੇਂ ਉਨ੍ਹਾਂ 'ਚੋਂ ਖੂਨ ਚੋਅ ਪਵੇਗਾ।

ਫਿਰ ਬਹੁਤੀ ਦਰਦ ਨੇ ਉਸ ਨੂੰ ਬੇਹੋਸ਼ ਕਰ ਦਿੱਤਾ। ਉਸ ਦੇ ਬੁਰਕੇ ਦਾ ਪੱਲਾ ਮੂੰਹ ਤੋਂ ਉਡ ਗਿਆ। ਜਦੋਂ ਅਕਮਲ ਦੀ ਨਜ਼ਰ ਉਸ 'ਤੇ ਪਈ ਤਾਂ ਉਹ ਗੁੱਸੇ 'ਚ ਫੱਟ ਗਿਆ। ਬੇਸ਼ਰਮੇ ਤੈਨੂੰ ਹਜ਼ਾਰ ਵਾਰ ਕਿਹਾ ਕਿ ਚਿਹਰਾ ਢੱਕ ਕੇ ਰੱਖ। ਜੇ ਇਸ ਅਜਨਬੀ ਨੇ ਤੈਨੂੰ ਦੇਖ ਲਿਆ ਤਾਂ ਕੀ ਸੋਚੇਗਾ। ਜ਼ਰਲਿਸ਼ਤਾ ਨੇ ਬਹੁਤ ਤਕਲੀਫ 'ਚ ਹੱਥ ਦੇ ਇਸ਼ਾਰੇ ਨਾਲ ਭਰਾ ਨੂੰ ਆਪਣੇ ਕੋਲ ਬੁਲਾਇਆ। ਜਦੋਂ ਭਰਾ ਦੀ ਨਜ਼ਰ ਭੈਣ ਦੇ ਦਰਦ ਹੋਏ ਮੂੰਹ 'ਤੇ ਪਈ ਤਾਂ ਹੈਰਾਨ ਰਹਿ ਗਿਆ। ਘਬਰਾਇਆ ਹੋਇਆ ਭੈਣ ਕੋਲ ਗਿਆ ਤਾਂ ਪੁੱਛਣ ਲੱਗਾ, ''ਕੀ ਹੋਇਆ ਕੰਬ ਕਿਉਂ ਰਹੀ ਏਂ?'' ਮੇਰਾ ਬੁਰਾ ਹਾਲ ਹੋਇਆ ਪਿਆ ਹੈ, ਟਰੈਕਟਰ ਦੇ ਝਟਕਿਆਂ ਨਾਲ ਮੇਰੇ ਗੁਰਦੇ ਫਟਣ ਵਾਲੇ ਹੋ ਗਏ ਹਨ। ਮੈਂ ਬਰਦਾਸ਼ਤ ਨਹੀਂ ਕਰ ਸਕਦੀ। ਮੈਨੂੰ ਉਮੀਦ ਨਹੀਂ ਹੈ ਕਿ ਮੈਂ ਜਿਊਂਦੀ ਹਸਪਤਾਲ ਪਹੁੰਚ ਜਾਵਾਂਗੀ। ਟਰੈਕਟਰ ਰੋਕ ਦਿਓ ਮੈਂ ਉਤਰਨਾ ਚਾਹੁੰਦੀ ਹਾਂ ਅਕਮਲ।''

ਜ਼ਰਲਿਸ਼ਤਾ ਜਾਣਦੀ ਸੀ ਕਿ ਅਕਮਲ ਨਾਲ ਗੱਲ ਕਰਨੀ ਫਜ਼ੂਲ ਹੈ, ਕਿਉਂਕਿ ਉਹ ਵੀ ਮਜਬੂਰ ਸੀ। ਸਬਰ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਸ਼ਾਮ ਹੁੰਦੇ-ਹੁੰਦੇ ਉਹ ਕਿਲਾ ਅਬਦੁੱਲ੍ਹਾ ਕੋਲ ਪਹੁੰਚੇ। ਡਰਾਈਵਰ ਨੇ ਇਸ਼ਾਰੇ ਨਾਲ ਅਕਮਲ ਨੂੰ ਆਪਣੇ ਕੋਲ ਬੁਲਾਇਆ ਅਤੇ ਕਹਿਣ ਲੱਗਾ, ''ਮੈਂ ਇਸ ਰਸਤੇ ਖਾਨ ਦੇ ਘਰ ਜਾ ਰਿਹਾ ਹਾਂ। ਰਾਤ ਹੋਣ ਵਾਲੀ ਹੈ। ਕੋਇ-ਟੇ ਵੱਲ ਕੋਈ ਬਸ ਗੱਡੀ ਨਹੀਂ ਜਾ ਰਹੀ। ਹੋਟਲ ਵਾਲੇ ਨੇ ਦੱਸਿਆ ਹੈ ਕਿ ਅੱਗੇ ਰਸਤੇ 'ਚ ਸਈਦ ਹਮੀਦ ਦੇ ਪੁਲ 'ਤੇ ਪਾਣੀ ਚੜ੍ਹ ਆਇਆ ਹੈ। ਇਸ ਲਈ ਸਵੇਰ ਤੱਕ ਕੋਈ ਰਾਹ ਨਹੀਂ। ਜੇ ਤੁਸੀਂ ਮੇਰੀ ਮੰਨੋ ਤਾਂ ਮੇਰੇ ਨਾਲ ਹੀ ਚਲੇ ਚਲੋ। ਮੇਰੇ ਖਾਨ ਭਰਾ ਬਹੁਤ ਚੰਗੇ ਪਖਤੂਨ ਹਨ। ਤੁਸੀਂ ਉਥੇ ਰਾਤ ਕੱਢ ਲਵੋ।'' ਅਕਮਲ ਨੇ ਭੈਣ ਨਾਲ ਸਲਾਹ ਕਰਨ ਦੀ ਲੋੜ ਨਾ ਸਮਝੀ। ਆਪ ਹੀ ਉਥੇ ਚੱਲਣ ਦਾ ਫੈਸਲਾ ਕਰ ਲਿਆ। ''ਅੱਛਾ ਚਲੋ ਫਿਰ।''

ਠੰਢੀ ਅਤੇ ਹਨੇਰੀ ਰਾਤ 'ਚ ਉਹ ਹੋਰ ਜਾ ਵੀ ਕਿਥੇ ਸਕਦੇ ਸਨ। ਜਵਾਨ ਭੈਣ ਨੂੰ ਨਾਲ ਲੈ ਕੇ ਹੋਟਲ 'ਚ ਰਹਿਣਾ ਵੀ ਇੱਕ ਤਾਅਨਾ ਸੀ। ਇਸ ਲਈ ਉਸ ਨੇ ਖਾਨ ਦੇ ਘਰ ਚੱਲਣਾ ਠੀਕ ਸਮਝਿਆ। ਟਰੈਕਟਰ ਖਾਨ ਦੀ ਹਵੇਲੀ ਅੱਗੇ ਜਾ ਖੜ੍ਹਾ ਹੋਇਆ। ਖਾਨ ਦਾ ਪੜ੍ਹਿਆ-ਲਿਖਿਆ ਮੁੰਡਾ ਕਲਾਸਿਨਕੋਫ ਰਾਈਫਲ ਚੱਕੀ ਹਵੇਲੀ ਦੇ ਵੱਡੇ ਦਰਵਾਜ਼ੇ ਅੱਗੇ ਆਪਣੇ ਦੋਸਤਾਂ ਨਾਲ ਖੜ੍ਹਾ ਸੀ। ਉਸ ਨੇ ਬੜੇ ਪਿਆਰ ਨਾਲ ਪ੍ਰਾਹੁਣਿਆਂ ਦਾ ਸਵਾਗਤ ਕੀਤਾ। ਫਿਰ ਉਸ ਨੇ ਡਰਾਈਵਰ ਨੂੰ ਇਸ਼ਾਰਾ ਕੀਤਾ ਕਿ ਉਹ ਉਸ ਦੀ ਭੈਣ ਨੂੰ ਘਰ ਦੇ ਅੰਦਰ ਲੈ ਜਾਏ। ਰਾਤ ਨੂੰ ਅਕਮਲ ਨੇ ਖਾਨ ਦੇ ਪੁੱਤਰ ਨੂੰ ਸਾਰਾ ਹਾਲ ਦੱਸਿਆ, ''ਮੈਂ ਆਪਣੀ ਭੈਣ ਨੂੰ ਇਲਾਜ ਲਈ ਹਸਪਤਾਲ ਲੈ ਕੇ ਚੱਲਿਆ ਹਾਂ। ਇਹ ਤੀਹ ਕਿਲੋਮੀਟਰ ਦਾ ਫਾਸਲਾ ਅਸੀਂ ਇੱਕ ਦਿਨ ਵਿੱਚ ਮੁਕਾਇਆ ਹੈ। ਠੰਢ ਅਤੇ ਟਰਾਲੀ ਦੇ ਹੁਝਕਿਆਂ ਨੇ ਭੈਣ ਦੀ ਤਕਲੀਫ ਨੂੰ ਬਹੁਤ ਵਧਾ ਦਿੱਤਾ ਹੈ। ਕੱਲ੍ਹ ਦੀ ਵੀ ਰੱਬ ਜਾਣੇ ਕਿ ਰਸਤਾ ਖੁੱਲ੍ਹਦਾ ਹੈ ਜਾਂ ਨਹੀਂ? ਜੇ ਰਸਤਾ ਨਾ ਖੁੱਲ੍ਹਿਆ ਤਾਂ ਮਜਬੂਰਨ ਵਾਪਸ ਪਿੰਡ ਜਾਣਾ ਪਵੇਗਾ। ਮਰਨਾ ਹੀ ਹੈ ਤਾਂ ਮਰ ਜਾਵੇ। ਮੈਂ ਇਸ ਤੋਂ ਵੱਧ ਕੀ ਕਰ ਸਕਦਾ ਹਾਂ।''

ਖਾਨ ਦੇ ਬੇਟੇ ਨੇ ਕਿਹਾ, ''ਤੁਹਾਡੇ ਇਸ ਮਸਲੇ 'ਤੇ ਬਾਅਦ ਵਿੱਚ ਗੌਰ ਕਰਦੇ ਹਾਂ। ਇਸ ਵੇਲੇ ਡਿਸ਼ 'ਤੇ ਬਹੁਤ ਜ਼ਰੂਰੀ ਪ੍ਰੋਗਰਾਮ ਆ ਰਿਹਾ ਹੈ, ਮੈਂ ਪਹਿਲਾਂ ਉਹ ਦੇਖਣਾ ਚਾਹੁੰਦਾ ਹਾਂ। ਖੇਰੂ ਜ਼ਰਾ ਬੀ ਬੀ ਸੀ ਲਾ। ਅੱਜ ਦੁਨੀਆ ਦੇ ਢਾਈ ਸੌ ਖੁਸ਼ਨਸੀਬ ਇਨਸਾਨ ਠੀਕ ਨੌਂ ਵਜੇ ਚੰਦ 'ਤੇ ਪੈਰ ਰੱਖ ਰਹੇ ਹਨ।'' ਚੈਨਲ ਲੱਗ ਗਿਆ। ਖਾਨ ਨੇ ਤਾੜੀ ਵਜਾਈ ਅਤੇ ਇੱਛਾ ਜਤਾਈ, ਮੈਂ ਵੀ ਚੰਦ 'ਤੇ ਪਿਕਨਿਕ ਮਨਾਉਣ ਜਾਵਾਂ। ਟਿਕਟ ਚਾਹੇ ਜਿੰਨੇ ਦਾ ਮਰਜ਼ੀ ਹੋਵੇ। ਅਕਮਲ ਜੋ ਇਹ ਸਭ ਕੁਝ ਦੇਖ ਰਿਹਾ ਸੀ, ਉਸ ਨੂੰ ਸਭ ਕੁਝ ਮਜ਼ਾਕ ਲੱਗ ਰਿਹਾ ਸੀ। ਉਸ ਨੇ ਖਾਨ ਦੇ ਪੁੱਤਰ ਕੋਲੋਂ ਪੁੱਛਿਆ, ''ਚੰਦ ਤਾਂ ਬਹੁਤ ਦੂਰ ਹੈ ਆਸਮਾਨ 'ਚ। ਉਥੇ ਕੋਈ ਆਦਮੀ ਕਿਵੇਂ ਜਾ ਸਕਦਾ ਹੈ? ਮੈਂ ਨਹੀਂ ਮੰਨਦਾ।'' ਖਾਨ ਦਾ ਮੁੰਡਾ ਜਿੰਨਾ ਵੀ ਅਕਮਲ ਨੂੰ ਸਮਝਾਉਂਦਾ ਰਿਹਾ, ਉਹ ਮੰਨਣ ਤੋਂ ਇਨਕਾਰ ਕਰਦਾ ਰਿਹਾ। ਕੋਈ ਉਸ ਨੂੰ ਕਿਵੇਂ ਯਕੀਨ ਦਿਵਾ ਸਕਦਾ ਸੀ ਕਿਉਕਿ ਉਸ ਨੇ ਅੱਲ੍ਹਾ ਦੀ ਜ਼ਮੀਨ 'ਤੇ ਤੀਹ ਕਿਲੋਮੀਟਰ ਦਾ ਰਸਤਾ ਪੂਰੇ ਦਿਨ ਵਿੱਚ ਮੁਸੀਬਤ ਵਾਂਗੂੰ ਪੂਰਾ ਕੀਤਾ ਸੀ। ਸੜਕਾਂ ਟੁੱਟੀਆਂ ਹੋਈਆਂ ਸਨ। ਪੁਲ ਨੂੰ ਪਾਣੀ ਰੋੜ੍ਹ ਕੇ ਲੈ ਗਿਆ ਸੀ। ਪੁਲਸ ਦੀ ਧੌਂਸ ਕਰ ਕੇ ਟਰੈਫਿਕ ਦੀ ਹੜਤਾਲ ਸੀ। ਉਹ ਆਪਣੀ ਭੈਣ ਨੂੰ ਹਸਪਤਾਲ ਨਹੀਂ ਪੁਚਾ ਸਕਿਆ। ਜੇ ਖਾਨ ਦੇ ਬਾਗ ਦਾ ਬੰਨ੍ਹ ਨਾ ਟੁੱਟਿਆ ਹੁੰਦਾ ਤਾਂ ਇਹ ਟਰੈਕਟਰ ਵੀ ਨਹੀਂ ਮਿਲਦਾ। ਉਹ ਪ੍ਰੇਸ਼ਾਨ ਹੋਇਆ ਸੋਚ ਰਿਹਾ ਸੀ। ਉਹ ਸਿਰਫ ਆਪਣੀ ਭੈਣ ਜ਼ਰਲਿਸ਼ਤਾ ਲਈ ਫਿਕਰਮੰਦ ਸੀ। ਪਤਾ ਨਹੀਂ ਉਹ ਕਿਸ ਹਾਲਤ ਵਿੱਚ ਹੋਵੇਗੀ। ਪਤਾ ਨਹੀਂ ਉਸ ਦੇ ਗੁਰਦੇ ਦਾ ਇਲਾਜ ਵੀ ਹੋ ਸਕੇਗਾ ਜਾਂ ਨਹੀਂ? ਉਹ ਕਦੋਂ ਤੱਕ ਕੋਇਟਾ ਪਹੁੰਚਣਗੇ? ਉਸ ਨੂੰ ਲੱਗਾ ਸ਼ਾਇਦ ਕੋਇਟਾ ਸ਼ਹਿਰ ਚੰਦ ਨਾਲੋਂ ਵੀ ਬਹੁਤ ਦੂਰ ਹੈ? ਇਸੇ ਲਈ ਤਾਂ ਉਹ ਉਨ੍ਹਾਂ ਦੀ ਪਹੁੰਚ ਤੋਂ ਦੂਰ ਹੋ ਗਿਆ ਹੈ। ਬੜੀ ਦੂਰ, ਚੰਦ ਨਾਲੋਂ ਵੀ ਦੂਰ।





## ਭਗਵੰਤ ਮਾਨ ਦਾ ਕੈਪਟਨ ਨੂੰ ਸਵਾਲ: ਮੁੱਖ ਮੰਤਰੀ ਨਿਵਾਸ ਉੱਤੇ ਅਰੂਸਾ ਕੀ ਕਰਦੀ ਹੈ?

ਚੰਡੀਗੜ੍ਹ, 25 ਫਰਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਕਰਤਾਰਪੁਰ ਸਾਹਿਬ ਬਾਰੇ ਡੀ ਜੀ ਪੀ ਪੰਜਾਬ ਦੇ ਬਿਆਨ ਬਾਰੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਉੱਤੇ ਤਿੱਖੇ ਹਮਲੇ ਕੀਤੇ ਤੇ ਇਸ ਦੇ ਤਾਰ ਕੈਪਟਨ ਦੀ ਪਾਕਿਸਤਾਨੀ ਦੋਸਤ ਅਰੂਸਾ ਆਲਮ ਨਾਲ ਜੋੜ ਦਿੱਤੇ।



ਮਾਨ ਨੇ ਕਿਹਾ, 'ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਰੂਸਾ ਆਲਮ ਕਿਸ ਹੈਸੀਅਤ ਵਿੱਚ ਪਿਛਲੇ ਕਈ ਸਾਲਾਂ ਤੋਂ ਮੁੱਖ ਮੰਤਰੀ ਦੇ ਘਰ ਰਹਿ ਰਹੀ ਹੈ, ਉਸ ਦੇ ਵੀਜ਼ੇ ਦਾ ਸਟੇਟਸ ਕੀ ਹੈ, ਜਦ ਕਿ ਉਸ ਬਾਰੇ ਕਈ ਅਫ਼ਵਾਹਾਂ ਉੱਡ ਰਹੀਆਂ ਹਨ ਕਿ ਉਹ ਪਾਕਿਸਤਾਨ ਦੀ ਏਜੰਸੀ ਆਈ ਐਸ ਆਈ ਦੀ ਏਜੰਟ ਹੈ।' ਮਾਨ ਨੇ ਕਿਹਾ ਕਿ ਉਹ ਪਾਰਲੀਮੈਂਟ ਵਿੱਚ ਵੀ ਇਹ ਮਾਮਲਾ ਉਠਾ ਕੇ ਭਾਰਤ ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨ ਨੂੰ ਕਹਿਣਗੇ। ਵਿਧਾਨ ਸਭਾ ਸੈਸ਼ਨ ਦੌਰਾਨ ਸਦਨ ਦੀ ਕਾਰਵਾਈ ਦੇਖਣ ਆਏ ਭਗਵੰਤ ਮਾਨ ਨੇ ਬਾਹਰ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਅੱਤਵਾਦੀ ਹੋਣ ਦੇ ਦੋਸ਼ਾਂ ਵਿੱਚ ਘਿਰੇ ਮੰਤਰੀ ਭਾਰਤ ਭੂਸ਼ਨ ਆਸ਼ੂ ਅਤੇ ਡੀ ਜੀ ਪੀ ਦਿਨਕਰ ਗੁਪਤਾ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਚਾ ਰਹੇ ਹਨ, ਪਰ ਆਮ ਆਦਮੀ ਪਾਰਟੀ ਚੁੱਪ ਨਹੀਂ ਬੈਠੇਗੀ। ਉਨ੍ਹਾ ਕਿਹਾ ਕਿ 'ਅਸੀਂ ਬੜੇ ਲੰਬੇ ਸਮੇਂ ਤੋਂ ਚੁੱਪ ਸੀ ਕਿ ਇਹ ਇੱਕ ਨਿੱਜੀ ਮਾਮਲਾ ਹੈ, ਪਰ ਜਿਹੜਾ ਡੀ ਜੀ ਪੀ ਅਰੂਸਾ ਆਲਮ ਦੇ ਪੈਰਾਂ ਵਿੱਚ ਬੈਠਦਾ ਹੈ, ਉਹ ਜਗਤ ਗੁਰੂ ਨਾਨਕ ਦੇਵ ਦੀ ਕਰਮ ਭੂਮੀ ਨੂੰ ਅੱਤਵਾਦ ਪੈਦਾ ਕਰਨ ਵਾਲਾ ਡੇਰਾ ਦੱਸਦਾ ਹੈ, ਜਦ ਕਿ ਯੂ ਐੱਨ ਓ ਦੇ ਸੈਕਟਰੀ ਜਨਰਲ ਐਂਟੋਨੀਓ ਗੁਟਰੇਸ ਨੇ ਕਰਤਾਰਪੁਰ ਸਾਹਿਬ ਨੂੰ ਵਿਸ਼ਵ ਸ਼ਾਂਤੀ ਦਾ ਘਰ ਆਖਿਆ ਹੈ। ਅਸੀਂ ਇਹ ਸੁਣ ਕੇ ਚੁੱਪ ਨਹੀਂ ਰਹਿ ਸਕਦੇ।' ਮਾਨ ਨੇ ਕਿਹਾ ਕਿ ਜੇ ਕੈਪਟਨ ਅਮਰਿੰਦਰ ਸਿੰਘ ਨੇ ਕਾਰਵਾਈ ਨਾ ਕੀਤੀ ਤੇ ਭਾਰਤ ਭੂਸ਼ਨ ਆਸ਼ੂ ਵਿਰੁੱਧ ਮਾਮਲੇ ਨਾ ਖੋਲ੍ਹੇ ਤਾਂ ਸਾਲ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉੱਤੇ ਆਸ਼ੂ ਦੇ ਅੱਤਵਾਦੀ ਕੁਨੈਕਸ਼ਨ ਵਾਲੇ ਸਾਰੇ ਕੇਸ ਮੁੜ ਖੋਲ੍ਹਾਂਗੇ।

## ਸੈਂਸਰ ਬੋਰਡ ਦੀ ਪ੍ਰਵਾਨਗੀ ਬਿਨਾਂ ਐਲਾਨੀ ਸੀ ਫਿਲਮ 'ਸ਼ੂਟਰ' ਦੀ ਰਿਲੀਜ਼ ਤਰੀਕ

### *ਹਾਈ ਕੋਰਟ ਨੇ ਪਟੀਸ਼ਨ ਵਾਪਸ ਲਈ ਮੰਨ ਕੇ ਰੱਦ ਕੀਤੀ

ਚੰਡੀਗੜ੍ਹ, 25 ਫਰਵਰੀ (ਪੋਸਟ ਬਿਊਰੋ)- ਗੈਂਗਸਟਰ ਸੁੱਖਾ ਕਾਹਲਵਾਂ ਦੀ ਜ਼ਿੰਦਗੀ ਬਾਰੇ ਪੰਜਾਬੀ ਫਿਲਮ 'ਸ਼ੂਟਰ' ਨੂੰ ਰਿਲੀਜ਼ ਕਰਨ ਵਾਸਤੇ ਫਿਲਮ ਨਿਰਮਾਤਾ ਨੂੰ ਹਾਈ ਕੋਰਟ ਤੋਂ ਰਾਹਤ ਕੀ ਮਿਲਣੀ ਸੀ, ਉਲਟਾ ਇਸ ਨਾਲ ਇਹ ਖੁਲਾਸਾ ਵੀ ਹੋ ਗਿਆ ਕਿ ਇਸ ਫਿਲਮ ਨੂੰ ਸੈਂਸਰ ਬੋਰਡ ਤੋਂ ਪਾਸ ਕਰਵਾਏ ਬਿਨਾਂ ਇਸ ਦੀ ਰਿਲੀਜ਼ ਤਰੀਕ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ ਸੀ। ਇਸ ਦੇ ਬਾਅਦ ਇਹ ਪਟੀਸ਼ਨ ਵਾਪਸ ਲੈਣੀ ਪੈ ਗਈ ਹੈ।





ਫਿਲਮ 'ਸ਼ੂਟਰ' ਉੱਤੇ ਪੰਜਾਬ ਸਰਕਾਰ ਵੱਲੋਂ ਲਾਈ ਪਾਬੰਦੀ ਨੂੰ ਫਿਲਮ ਨਿਰਮਾਤਾ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਕੱਲ੍ਹ ਸੁਣਵਾਈ ਵੇਲੇ ਪਟੀਸ਼ਨ ਨੂੰ ਨਵੇਂ ਸਿਰੇ ਤੋਂ ਦਾਖਲ ਕਰਨ ਦੀ ਛੋਟ ਦਿੰਦੇ ਹੋਏ ਇਸ ਨੂੰ ਰੱਦ ਕਰ ਦਿੱਤਾ ਗਿਆ। ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਹਾਲੇ ਤੱਕ ਇਸ ਫਿਲਮ ਨੂੰ ਸੈਂਸਰ ਬੋਰਡ ਨੇ ਹੀ ਪਾਸ ਨਹੀਂ ਕੀਤਾ ਅਤੇ ਜਦੋਂ ਤੱਕ ਫਿਲਮ ਨੂੰ ਸੈਂਸਰ ਬੋਰਡ ਸਰਟੀਫਿਕੇਟ ਨਹੀਂ ਦਿੰਦਾ, ਉਦੋਂ ਤੱਕ ਰਿਲੀਜ਼ ਤਰੀਕ ਕਿਵੇਂ ਦੱਸੀ ਜਾ ਰਹੀ ਹੈ। ਬਿਨਾਂ ਸੈਂਸਰ ਬੋਰਡ ਦੇ ਸਰਟੀਫਿਕੇਟ ਦੇ ਫਿਲਮ ਰਿਲੀਜ਼ ਨਹੀਂ ਕੀਤੀ ਜਾ ਸਕਦੀ।

ਪਟੀਸ਼ਨਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਫਿਲਮ ਉੱਤੇ ਪੰਜਾਬ ਸਰਕਾਰ ਰੋਕ ਲਾ ਚੁੱਕੀ ਹੈ। ਇਸ ਉੱਤੇ ਹਾਈ ਕੋਰਟ ਨੇ ਜਦੋਂ ਰੋਕ ਬਾਰੇ ਪੰਜਾਬ ਸਰਕਾਰ ਦਾ ਨੋਟੀਫਿਕੇਸ਼ਨ ਮੰਗਿਆ ਤਾਂ ਉਹ ਦੇ ਪਟੀਸ਼ਨਰ ਕੋਲ ਨਹੀਂ ਸੀ, ਉਹ ਇਸ ਬਾਰੇ ਆਈਆਂ ਖ਼ਬਰਾਂ ਦਾ ਹੀ ਹਵਾਲਾ ਦਿੰਦਾ ਰਿਹਾ ਸੀ। ਇਸ ਲਈ ਹਾਈ ਕੋਰਟ ਨੇ ਪਟੀਸ਼ਨਰ ਨੂੰ ਇਹ ਪਟੀਸ਼ਨ ਵਾਪਸ ਲੈ ਕੇ ਨਵੇਂ ਸਿਰੇ ਤੋਂ ਪੰਜਾਬ ਸਰਕਾਰ ਵੱਲੋਂ ਲਾਈ ਰੋਕ ਦੇ 10 ਫਰਵਰੀ ਵਾਲੇ ਨੋਟੀਫਿਕੇਸ਼ਨ ਨਾਲ ਪੇਸ਼ ਹੋਣ ਦੇ ਹੁਕਮ ਦਿੰਦੇ ਹੋਏ ਪਟੀਸ਼ਨ ਰੱਦ ਕਰ ਦਿੱਤੀ ਹੈ।

ਕੇਂਦਰ ਦੇ ਵਕੀਲ ਦਾ ਕਹਿਣਾ ਹੈ ਕਿ ਇਸ ਫਿਲਮ ਨੂੰ ਹਾਲੇ ਸੈਂਸਰ ਬੋਰਡ ਨੇ ਸਰਟੀਫਿਕੇਟ ਜਾਰੀ ਨਹੀਂ ਕੀਤਾ ਤੇ ਨਾ ਇਸ ਫਿਲਮ ਨੂੰ ਵੇਖਿਆ ਗਿਆ ਹੈ। ਫਿਲਮ ਨਿਰਮਾਤਾ ਕੇਵਲ ਸਿੰਘ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਬਿਨਾਂ ਫਿਲਮ ਵੇਖੇ ਹੀ 10 ਫਰਵਰੀ ਨੂੰ ਇਸ ਨੂੰ ਰਿਲੀਜ਼ ਕੀਤੇ ਜਾਣ ਉੱਤੇ ਰੋਕ ਲਾ ਦਿੱਤੀ ਹੈ। ਜੇ ਇਸ ਦੀ ਰਿਲੀਜ਼ 'ਤੇ ਰੋਕ ਲਾਈ ਤਾਂ ਨੁਕਸਾਨ ਹੋ ਜਾਵੇਗਾ।

## ਤੇਜ਼ ਰਫ਼ਤਾਰ ਸਕੂਟਰੀ ਨੇ ਬੱਚੇ ਦੀ ਜਾਨ ਲਈ

ਦੁਸਾਂਝ ਕਲਾਂ, 25 ਫਰਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਦੁਸਾਂਝ ਕਲਾਂ ਵਿੱਚ ਅਣਪਛਾਤੇ ਤੇਜ਼ ਰਫ਼ਤਾਰ ਸਕੂਟਰੀ ਸਵਾਰ ਨੇ ਖੇਡ ਰਹੇ ਬੱਚੇ ਨੂੰ ਸਕੂਟਰੀ ਹੇਠਾਂ ਕੁਚਲ ਦਿੱਤਾ, ਜਿਸ ਕਾਰਨ ਬੱਚੇ ਦੀ ਮੌਤ ਹੋ ਗਈ।

ਇਸ ਸਬੰਧੀ ਮੁਹੱਲਾ ਵਾਸੀਆਂ ਨੇ ਦੱਸਿਆ ਕਿ ਬੱਚੇ ਘਰਾਂ ਅੱਗੇ ਗਲੀ ਵਿੱਚ ਕ੍ਰਿਕਟ ਖੇਡ ਰਹੇ ਸਨ। ਖੇਡਦੇ ਸਮੇਂ ਗੇਂਦ ਪਿੰਡ ਦੇ ਬਾਹਰ ਵਾਲੀ ਸੜਕ ਵੱਲ ਚਲੀ ਗਈ। ਇੱਕ ਬੱਚਾ ਗੇਂਦ ਲੈਣ ਵਾਸਤੇ ਗਿਆ ਤਾਂ ਇਸ ਦੌਰਾਨ ਸੜਕ 'ਤੇ ਤੇਜ਼ ਰਫ਼ਤਾਰ ਸਕੂਟਰੀ ਵਾਲੇ ਬੰਦੇ ਨੇ ਰਮਨਦੀਪ ਕੁਮਾਰ (10 ਸਾਲ) ਪੁੱਤਰ ਸ਼ਿੰਗਾਰਾ ਰਾਮ ਪਿੰਡ ਦੁਸਾਂਝ ਕਲਾਂ ਨਵੀਂ ਆਬਾਦੀ ਨੂੰ ਟੱਕਰ ਮਾਰ ਦਿੱਤੀ। ਇਸ ਨਾਲ ਰਮਨਦੀਪ ਕੁਮਾਰ ਜ਼ਖ਼ਮੀ ਹੋ ਗਿਆ ਜਿਸ ਨੂੰ ਮਲਕੀਤ ਸਿੰਘ ਹਸਪਤਾਲ 'ਚ ਲਿਆਂਦਾ ਗਿਆ। ਬੱਚੇ ਦੀ ਗੰਭੀਰ ਹਾਲਤ ਦੇਖ ਕੇ ਡਾਕਟਰ ਮਲਕੀਤ ਸਿੰਘ ਨੇ ਉਸ ਨੂੰ ਫਗਵਾੜਾ ਰੈਫਰ ਕਰ ਦਿੱਤਾ ਪਰ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਬੱਚੇ ਨੇ ਰਸਤੇ 'ਚ ਦਮ ਤੋੜ ਦਿੱਤਾ। ਚੌਕੀ ਇੰਚਾਰਜ ਦੁਸਾਂਝ ਕਲਾਂ ਨੇ ਦੱਸਿਆ ਹੈ ਕਿ ਅਣਪਛਾਤੇ ਸਕੂਟਰੀ ਸਵਾਰ ਦੇ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕਾਰ ਸੇਵਾ ਦੇ ਡੇਰੇ ਵਿੱਚੋਂ ਇੱਕ ਕਰੋੜ ਦੀ ਨਕਦੀ ਚੋਰੀ

ਤਰਨ ਤਾਰਨ, 25 ਫਰਵਰੀ (ਪੋਸਟ ਬਿਊਰੋ)- ਕਾਰ ਸੇਵਾ ਡੇਰਾ ਬਾਬਾ ਜਗਤਾਰ ਸਿੰਘ ਵਿੱਚ ਆਣ ਕੇ ਰਾਤ ਵੇਲੇ ਤਿੰਨ ਨਕਾਬਪੋਸ਼ ਲੁਟੇਰਿਆਂ ਨੇ ਕਰੀਬ ਇੱਕ ਕਰੋੜ ਰੁਪਏ ਦੀ ਨਕਦੀ ਲੁੱਟ ਲਈ ਹੈ। ਗੋਇੰਦਵਾਲ ਸਾਹਿਬ ਰੋਡ 'ਤੇ ਡੇਰਾ ਬਾਬਾ ਜਗਤਾਰ ਸਿੰਘ ਵਿੱਚ ਰਾਤ ਕਰੀਬ 11.30 ਵਜੇ ਤਿੰਨ ਲੁਟੇਰੇ ਦਾਖਲ ਆਏ ਅਤੇ ਆਉਂਦੇ ਸਾਰ ਤਿੰਨਾਂ ਨੇ ਡੇਰੇ ਦੇ ਖਜ਼ਾਨਚੀ ਬਾਬਾ ਮਹਿੰਦਰ ਸਿੰਘ ਨੂੰ ਕਮਰੇ ਵਿੱਚ ਬੰਦੀ ਬਣਾ ਕੇ ਕਰੀਬ ਇੱਕ ਕਰੋੜ ਰੁਪਏ ਦੀ ਨਕਦੀ ਲੁੱਟ ਲਈ। ਬਾਬਾ ਮਹਿੰਦਰ ਸਿੰਘ ਨੇ ਇਸ ਡੇਰੇ ਵਿੱਚ ਆਏ ਦੋਸ਼ੀਆਂ ਦੀ ਸੀ ਸੀ ਟੀ ਵੀ ਫੁਟੇਜ ਪੁਲਸ ਨੂੰ ਸੌਂਪ ਦਿੱਤੀ ਹੈ। ਸੂਚਨਾ ਮਿਲਦੇ ਸਾਰ ਐੱਸ ਐੱਸ ਪੀ ਧਰੁਵ ਦਹੀਆ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਘਟਨਾ ਦੀ ਜਾਣਕਾਰੀ ਲਈ। ਪੁਲਸ ਨੇ ਡੇਰੇ ਨਾਲ ਜੁੜੇ ਕੁਝ ਲੋਕਾਂ ਤੋਂ ਪੁੱਛਗਿੱਛ ਕੀਤੀ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਲੁੱਟੀ ਗਈ ਰਕਮ ਬਾਰੇ ਅਜੇ ਪੁਸ਼ਟੀ ਨਹੀਂ ਕਰ ਸਕਦੇ। ਕਾਰ ਸੇਵਾ ਡੇਰਾ ਬਾਬਾ ਜਗਤਾਰ ਸਿੰਘ ਵੱਲੋਂ ਦੇਸ਼ ਵਿਦੇਸ਼ ਦੇ ਗੁਰਦੁਆਰਿਆਂ ਦੀ ਕਾਰ ਸੇਵਾ ਕਰਵਾਈ ਜਾਂਦੀ ਹੈ।

## ਸੁਪਾਰੀ ਕਿੱਲਰਾਂ ਦਾ ਗੁਜਰਾਤ ਪੁਲਸ ਨਾਲ ਮੁਕਾਬਲਾ



ਪੁਲਸ ਵਲੋਂ ਜਬਤ ਕੀਤੀ ਗਈ ਮੁਲਜ਼ਿਮਾਂ ਦੀ ਕਾਰ।

ਐਸ ਏ ਐਸ ਨਗਰ, 25 ਫਰਵਰੀ (ਪੋਸਟ ਬਿਊਰੋ)- ਮੋਹਾਲੀ ਫੇਜ਼-11 ਵਿਚਾਲੇ ਏ ਸੀ ਮੰਡੀ ਲਾਈਟ ਪੁਆਇੰਟ 'ਤੇ ਕੱਲ੍ਹ ਸ਼ਾਮ ਇੱਕ ਕਤਲ ਕੇਸ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਫੜਨ ਆਈ ਪੁਲਸ ਨਾਲ ਹੱਥੋਪਾਈ ਦੌਰਾਨ ਦੋ ਗੋਲੀਆਂ ਚੱਲ ਗਈਆਂ ਜਿਸ ਨਾਲ ਇੱਕ ਨੌਜਵਾਨ ਜ਼ਖ਼ਮੀ ਹੋ ਗਿਆ। ਜ਼ਖ਼ਮੀ ਹੋਏ ਨੌਜਵਾਨ ਦੀ ਪਛਾਣ ਨਹੀਂ ਹੋ ਸਕੀ, ਪਰ ਉਸ ਨੂੰ ਇਲਾਜ ਲਈ ਫੇਜ਼-11 ਪੁਲਸ ਨੇ ਚੰਡੀਗੜ੍ਹ ਸੈਕਟਰ-32 ਹਸਪਤਾਲ 'ਚ ਭਰਤੀ ਕਰਵਾਇਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਲੀਮ ਉਰਫ਼ ਸਾਜਿਦ ਅਤੇ ਅਲੀ ਮੰਗਤਾ ਚੌਧਰੀ ਵਜੋਂ ਹੋਈ ਹੈ। ਫੇਜ਼-11 ਥਾਣਾ ਪੁਲਸ ਨੇ ਦੋਵਾਂ ਮੁਲਜ਼ਮਾਂ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

ਜਾਣਕਾਰੀ ਮੁਤਾਬਕ ਦੋਸ਼ੀ ਸਲੀਮ ਉਰਫ਼ ਸਾਜਿਦ ਤੇ ਅਲੀ ਮੰਗਤਾ ਚੌਧਰੀ ਨੇ ਸਾਲ 2018 'ਚ ਆਪਣੇ ਸਾਥੀਆਂ ਨਾਲ ਸੂਰਤ ਦੇ ਨਾਮੀ ਸਕ੍ਰੈਪਰ ਅਜੇ ਪਾਟਿਲ ਅਤੇ ਉਸਦੇ ਸਾਥੀ ਰਾਜ ਪਾਟਿਲ ਦੇ ਕਾਰੋਬਾਰ ਵਿੱਚ ਪੈਦਾ ਕੀਤੀਆਂ ਜਾ ਰਹੀਆਂ ਅੜਚਨਾਂ ਦੇ ਕਾਰਨ ਇੱਕ ਕਤਲ ਕਰ ਦਿੱਤਾ ਸੀ। ਦੋਵੇਂ ਮੁਲਜ਼ਮ ਗੁਜਰਾਤ 'ਚ ਸ਼ਰਾਬ ਦਾ ਨਾਜਇਜ਼ ਕਾਰੋਬਾਰ ਕਰਦੇ ਸਨ। ਦੋਵਾਂ ਦੇ ਖ਼ਿਲਾਫ਼ ਗੁਜਰਾਤ ਦੇ ਵੱਖ-ਵੱਖ ਥਾਣਿਆਂ 'ਚ ਕਈ ਸੰਗੀਨ ਕੇਸ ਦਰਜ ਹਨ। ਇਸ ਕੇਸ 'ਚ ਦਮਨ ਯੂ ਟੀ ਪੁਲਸ ਦੇ ਸਬ ਇੰਸਪੈਕਟਰ ਦਿਨਕਰ ਰਾਓ ਪਾਟਿਲ ਨੇ ਦੱਸਿਆ ਕਿ ਉਹ ਪਿਛਲੇ ਦੋ ਸਾਲ ਤੋਂ ਉਕਤ ਮੁਲਜ਼ਮਾਂ ਨੂੰ ਲੱਭ ਰਹੇ ਸਨ। ਕੱਲ੍ਹ ਦੋਵਾਂ ਲੋਕੇਸ਼ਨ ਦੀ ਚੰਡੀਗੜ੍ਹ ਸੈਕਟਰ-48 ਵਿਚਾਲੇ ਟ੍ਰੇਸ ਹੋਈ ਸੀ। ਉਹ ਆਪਣੀ ਟੀਮ ਸਮੇਤ ਮੌਕੇ 'ਤੇ ਪਹੁੰਚੇ ਤਾਂ ਮੁਲਜ਼ਮਾਂ ਦਾ ਫੋਨ ਬੰਦ ਹੋ ਗਿਆ। ਉਨ੍ਹਾਂ ਨੂੰ ਲੱਭਦੇ ਹੋਏ ਉਹ ਫੇਜ਼-11 ਏ ਸੀ ਮੰਡੀ ਦੀਆਂ ਲਾਈਟਾਂ 'ਤੇ ਪਹੁੰਚ ਗਏ ਜਿੱਥੇ ਉਨ੍ਹਾਂ ਦੀ ਨਜ਼ਰ ਕਾਲੇ ਰੰਗ ਦੀ ਗੁਜਰਾਤ ਨੰਬਰ ਦੀ ਔਡੀ ਗੱਡੀ 'ਤੇ ਪਈ ਜਿਸ 'ਚ ਉਕਤ ਸੁਪਾਰੀ ਕਿੱਲਰ ਸਵਾਰ ਸਨ। ਜਦੋਂ ਦਿਨਕਰ ਪਾਟਿਲ ਨੇ ਔਡੀ ਚਾਲਕ ਨੂੰ ਸ਼ੀਸ਼ਾ ਹੇਠਾਂ ਕਰਨ ਨੂੰ ਕਿਹਾ ਤਾਂ ਅੰਦਰ ਬੈਠੇ ਮੁਲਜ਼ਮਾਂ ਨੇ ਆਪਣੀ ਗੱਡੀ ਲਾਕ ਕਰ ਲਈ। ਦਿਨਕਰ ਪਾਟਿਲ ਨੇ ਸ਼ੀਸ਼ਾ ਤੋੜ ਦਿੱਤਾ ਤੇ ਉਸੇ ਦੌਰਾਨ ਸਲੀਮ ਨੇ ਉਨ੍ਹਾਂ ਦੀ ਟੀਮ 'ਚ ਸ਼ਾਮਲ ਕਾਂਸਟੇਬਲ ਮਿਤੇਸ਼ ਦੀ ਸਰਵਿਸ ਰਿਵਾਲਵਰ ਖੋਹ ਲਈ। ਸੁਪਾਰੀ ਕਿਲਰ ਤੋਂ ਰਿਵਾਲਵਰ ਖੋਹਣ ਵੇਲੇ ਦੋ ਗੋਲੀਆਂ ਚੱਲੀਅ, ਜਿਨ੍ਹਾਂ 'ਚ ਇੱਕ ਗੋਲੀ ਮੁਲਜ਼ਮਾਂ ਦੇ ਸਾਥੀ ਔਡੀ ਕਾਰ ਚਾਲਕ ਦੇ ਲੱਤ 'ਤੇ ਵੱਜੀ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ।

## ਮੰਤਰੀਆਂ ਨੇ ਪੰਜਾਬ ਸਰਕਾਰ ਦੀ ਬੇਇੱਜ਼ਤੀ ਹੋਣ ਤੋਂ ਮਸਾਂ ਬਚਾਈ



ਚੰਡੀਗੜ੍ਹ, 25 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨੇਮ ਕੀਤੇ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਸਦਨ ਤੋਂ ਕੱਢਣ ਦੇ ਫ਼ੈਸਲੇ ਨੂੰ ਵਾਪਸ ਲੈਣ ਦੀ ਅਪੀਲ ਨੇ ਵਿਰੋਧੀਆਂ ਕੋਲੋਂ ਨਾ ਸਿਰਫ਼ ਇੱਕ ਮੁੱਦਾ ਖੋਹ ਲਿਆ, ਬਲਕਿ ਸਰਕਾਰ ਦੀ ਬੇਇੱਜ਼ਤੀ ਹੋਣ ਤੋਂ ਬਚਾ ਲਈ।

ਅਸਲ ਵਿੱਚ ਵਿਰੋਧੀ ਧਿਰ ਵੱਲੋਂ ਸਦਨ ਵਿੱਚ ਰੋਸ ਪ੍ਰਦਰਸ਼ਨ ਦੌਰਾਨ ਕੁਝ ਅਕਾਲੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਰਿਪੋਰਟਰ ਦੇ ਨੇੜੇ ਲੱਗੇ ਹੋਏ ਸਪੀਕਰ ਨੂੰ ਬੰਦ ਕਰ ਦਿੱਤਾ ਸੀ। ਵਿਰੋਧੀ ਧਿਰ ਦੇ ਵਿਧਾਇਕਾਂ ਦੇ ਵਿਹਾਰ ਤੋਂ ਸਪੀਕਰ ਵੀ ਭੜਕ ਗਏ ਅਤੇ ਉਨ੍ਹਾਂ ਵੈੱਲ ਵਿੱਚ ਜਾ ਕੇ ਵਿਰੋਧ ਕਰ ਰਹੇ ਵਿਧਾਇਕਾਂ ਨੂੰ ਨੇਮ ਕਰਦਿਆਂ (ਕਹਿਣ ਤੋਂ ਭਾਵ ਇਹ ਕਿ ਉਨ੍ਹਾਂ ਦਾ ਨਾਮ ਲੈ ਕੇ ਐਲਾਨ ਕਰਦਿਆਂ) ਸਦਨ ਦੀ ਕਾਰਵਾਈ 15 ਮਿੰਟ ਲਈ ਮੁਲਤਵੀ ਕਰ ਦਿੱਤੀ। ਜਿਨ੍ਹਾਂ ਮੈਂਬਰਾਂ ਦੇ ਨਾਅ ਲੈ ਦਿੱਤੇ ਜਾਣ, ਉਨ੍ਹਾਂ ਨੂੰ ਹਾਊਸ ਤੋਂ ਬਾਹਰ ਜਾਣਾ ਪੈਂਦਾ ਹੈ ਜਾਂ ਫਿਰ ਉਹ ਕੱਢ ਦਿੱਤੇ ਜਾਂਦੇ ਹਨ। ਸਪੀਕਰ ਦੇ ਇਸ ਫ਼ੈਸਲੇ ਨਾਲ ਸੱਤਾ ਧਿਰ ਵਿੱਚ ਖਲਬਲੀ ਮੱਚ ਗਈ। ਇਸ ਤੋਂ ਬਾਅਦ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ, ਬ੍ਰਹਮ ਮਹਿੰਦਰਾ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸਪੀਕਰ ਦੇ ਕਮਰੇ 'ਚ ਪੁੱਜ ਗਏ।

ਜਾਣਕਾਰ ਸੂਤਰ ਦੱਸਦੇ ਹਨ ਕਿ ਤਿੰਨਾਂ ਮੰਤਰੀਆਂ ਨੇ ਸਪੀਕਰ ਨੂੰ ਇਹ ਫ਼ੈਸਲਾ ਵਾਪਸ ਲੈਣ ਦੀ ਅਪੀਲ ਕਰ ਕੇ ਵਿਧਾਇਕਾਂ ਨੂੰ ਸਦਨ ਵਿੱਚੋਂ ਬਾਹਰ ਨਾ ਕੱਢਣ ਦੀ ਸਲਾਹ ਦਿੱਤੀ। ਸਪੀਕਰ ਨੇ ਕਿਹਾ ਕਿ ਉਹ ਆਪਣਾ ਫ਼ੈਸਲਾ ਲੈ ਚੁੱਕੇ ਹਨ। ਇਸ ਮੌਕੇ ਸੁਰੱਖਿਆ ਦੇ ਇੰਚਾਰਜ ਡੀ ਆਈ ਜੀ ਨੇ ਕਿਹਾ ਕਿ ਜੇ ਉਨ੍ਹਾਂ ਨੂੰ ਹੁਕਮ ਮਿਲੇ ਤਾਂ ਉਹ 10 ਮਿੰਟਾਂ ਤੱਕ ਨੇਮ ਕੀਤੇ ਗਏ ਵਿਧਾਇਕਾਂ ਨੂੰ ਬਾਹਰ ਕਰ ਦੇਣਗੇ। ਮੰਤਰੀਆਂ ਨੇ ਆਪਣਾ ਦਬਾਅ ਬਣਾਈ ਰੱਖਿਆ ਤਾਂ ਫ਼ੈਸਲਾ ਹੋਇਆ ਕਿ ਇੱਕ ਮੰਤਰੀ ਸਦਨ ਵਿੱਚ ਜਾ ਕੇ ਫ਼ੈਸਲਾ ਵਾਪਸ ਲੈਣ ਦੀ ਅਪੀਲ ਕਰੇਗਾ ਤੇ ਸਪੀਕਰ ਸਾਹਿਬ ਮੰਨ ਜਾਣਗੇ।

## ਦੁਰਲੱਭ ਸ਼ਾਲਾਂ ਪਾਕਿਸਤਾਨ ਲਿਜਾਂਦਾ ਇੱਕ ਜਣਾ ਕਾਬੂ

ਅੰਮ੍ਰਿਤਸਰ, 25 ਫਰਵਰੀ (ਪੋਸਟ ਬਿਊਰੋ)- ਵਾਹਗਾ ਬਾਰਡਰ ਦੇ ਕਸਟਮ ਵਿਭਾਗ ਨੇ ਇੱਕ ਵਿਅਕਤੀ ਗ੍ਰਿਫ਼ਤਾਰ ਕਰ ਕੇ ਉਸ ਤੋਂ ਦੁਰਲਭ 'ਸ਼ਾਹਤੂਸ਼' ਦੀਆਂ ਸ਼ਾਲਾਂ ਬਰਾਮਦ ਕੀਤੀਆਂ ਹਨ, ਜਿਹੜੀਆਂ ਉਹ ਆਰਟੀ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਲੈ ਕੇ ਜਾ ਰਿਹਾ ਸੀ। ਦੋਸ਼ੀ ਦੀ ਪਛਾਣ ਮੁਹੰਮਦ ਜਾਵੇਦ, ਵਾਸੀ ਸ਼ਾਮਲੀ, ਯੂਪੀ ਵਜੋਂ ਹੋਈ ਹੈ। ਉਹ ਆਪਣੇ ਪਰਵਾਰ ਨਾਲ ਪਾਕਿਸਤਾਨ ਜਾ ਰਿਹਾ ਸੀ ਅਤੇ ਉਸ ਦੇ ਸਾਮਾਨ ਵਿੱਚ ਇਹ ਦੁਰਲੱਭ ਸ਼ਾਲਾਂ ਵੀ ਸਨ।

ਭਾਰਤ ਵਿੱਚ 'ਸ਼ਾਹਤੂਸ਼' ਦੀਆਂ ਸ਼ਾਲਾਂ ਦੀ ਬਣਾਉਣ ਅਤੇ ਵੇਚਣ 'ਤੇ ਸਰਕਾਰ ਨੇ ਰੋਕ ਲਾਈ ਹੋਈ ਹੈ। ਦੋਸ਼ੀ ਨੇ ਜਾਂਚ ਦੌਰਾਨ ਕਸਟਮ ਵਿਭਾਗ ਨੂੰ ਦੱਸਿਆ ਕਿ ਇਹ ਪਸ਼ਮੀਨੇ ਦੀਆਂ ਸ਼ਾਲਾਂ ਹਨ, ਪਰ ਅਧਿਕਾਰੀਆਂ ਨੂੰ ਸ਼ਾਲ ਦੇ ਕੱਪੜੇ ਦੇਖਣ ਨਾਲ ਸ਼ੱਕ ਹੋ ਗਿਆ ਅਤੇ ਉਨ੍ਹਾਂ ਇਸ ਵਿਅਕਤੀ ਨੂੰ ਸਰਹੱਦ ਪਾਰ ਕਰਨ ਤੋਂ ਰੋਕ ਲਿਆ। ਉਸ ਨੂੰ ਹਿਰਾਸਤ ਵਿੱਚ ਲੈਣ ਮਗਰੋਂ ਜਾਂਚ ਦੌਰਾਨ ਇੱਕ ਸ਼ਾਲ ਦੇਹਰਾਦੂਨ ਦੀ ਪ੍ਰਯੋਗਸ਼ਾਲਾ ਵਿੱਚ ਭੇਜੀ ਗਈ ਸੀ। ਕਸਟਮ ਵਿਭਾਗ ਦੇ ਕਮਿਸ਼ਨਰ ਦੀਪਕ ਕੁਮਾਰ ਗੁਪਤਾ ਨੇ ਦੱਸਿਆ ਕਿ ਇਹ ਗੱਲ 30 ਜਨਵਰੀ ਦੀ ਹੈ, ਜਦੋਂ ਇਹ ਪਰਵਾਰ ਵਾਹਗਾ ਚੈੱਕ ਪੋਸਟ ਰਸਤੇ ਪਾਕਿਸਤਾਨ ਜਾ ਰਿਹਾ ਸੀ। ਇਸ ਵਿਅਕਤੀ ਕੋਲੋਂ ਇਹ ਦੁਰਲੱਭ ਸੌ ਸ਼ਾਲਾਂ ਮਿਲੀਆਂ ਹਨ ਜੋ ਉਸ ਨੇ ਇੱਕ ਬੈਗ ਵਿੱਚ ਰੱਖੀਆਂ ਹੋਈਆਂ ਸਨ। ਦੇਹਰਾਦੂਨ ਪ੍ਰਯੋਗਸ਼ਾਲਾ ਤੋਂ ਇਸ ਆਈ ਰਿਪੋਰਟ ਤੋਂ ਭੇਦ ਖੁੱਲ੍ਹਾ ਕਿ ਇਹ ਸ਼ਾਹਤੂਸ਼ ਦੀਆਂ ਸ਼ਾਲਾਂ ਹਨ। ਉਨ੍ਹਾਂ ਦੱਸਿਆ ਕਿ ਇਹ ਸ਼ਾਲ ਹਿਰਨ ਨਸਲ ਦੇ ਇੱਕ ਜਾਨਵਰ ਨੂੰ ਮਾਰ ਕੇ ਉਸ ਦੀ ਖੱਲ ਅਤੇ ਵਾਲਾਂ ਤੋਂ ਬਣਾਏ ਧਾਗੇ ਨਾਲ ਬਣਾਈ ਜਾਂਦੀ ਹੈ। ਇਹ ਦੁਰਲੱਭ ਜਾਨਵਰ ਲੇਹ-ਲਦਾਖ ਤੋਂ ਉਪਰ ਤਿੱਬਤ ਦੇ ਇਲਾਕੇ ਵਿੱਚ ਹਿਰਨ ਨਸਲ ਨਾਲ ਸਬੰਧਤ ਹੈ, ਜਿਸ ਨੂੰ 'ਚੀਰੂ' ਕਿਹਾ ਜਾਂਦਾ ਹੈ। ਪਾਕਿਸਤਾਨ ਵਿੱਚ ਇਹ ਇੱਕ ਸ਼ਾਲ ਸਾਢੇ ਚਾਰ ਤੋਂ ਪੰਜ ਲੱਖ ਰੁਪਏ ਵਿੱਚ ਵਿਕਦੀ ਹੈ ਅਤੇ ਕਾਫੀ ਮੁਨਾਫੇ ਦਾ ਸੌਦਾ ਗਿਣਿਆ ਜਾਂਦਾ ਹੈ।

## ਨੈਸ਼ਨਲ ਹਾਈਵੇ ਜਾਮ ਦਾ ਮਾਮਲੇ ਵਿਚ ਵਿਧਾਇਕ ਰਾਜਿੰਦਰ ਬੇਰੀ ਦੇ ਖਿਲਾਫ ਕੇਸ ਦਰਜ ਕਰਨ ਦੇ ਹੁਕਮ

ਜਲੰਧਰ, 25 ਫਰਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਪੀ ਏ ਪੀ ਫਲਾਈਓਵਰ ਦਾ ਰਾਹ ਖੁੱਲ੍ਹਵਾਉਣ ਲਈ 19 ਫਰਵਰੀ ਨੂੰ ਨੈਸ਼ਨਲ ਹਾਈਵੇ ਜਾਮ ਕਰਨ ਕਰ ਕੇ ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲ ਕਾਸਟਸ ਨੇ ਵਿਧਾਇਕ ਰਾਜਿੰਦਰ ਬੇਰੀ ਦੇ ਖ਼ਿਲਾਫ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਹਨ।

ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲ ਕਾਸਟਸ ਨੇ ਪੁਲਸ ਕਮਿਸ਼ਨਰ ਨੂੰ ਹੁਕਮ ਦਿੱਤਾ ਹੈ ਕਿ ਉਹ 15 ਦਿਨ ਵਿੱਚ ਕੇਸ ਦਰਜ ਕਰ ਕੇ ਰਿਪੋਰਟ ਦੇਣ। ਕਮਿਸ਼ਨ ਨੇ ਚਿਤਾਵਨੀ ਦਿੱਤੀ ਹੈ ਕਿ ਜੇ 15 ਦਿਨ ਵਿੱਚ ਰਿਪੋਰਟ ਨਹੀਂ ਮਿਲਦੀ ਤਾਂ ਕਮਿਸ਼ਨ ਜ਼ਿੰਮੇਵਾਰ ਅਧਿਕਾਰੀ 'ਤੇ ਕਾਰਵਾਈ ਕਰੇਗਾ। ਇਸ ਕਮਿਸ਼ਨ ਦੇ ਹੁਕਮ ਸੁਦਾਮਾ ਮਾਰਕੀਟ ਦੇ ਵਸਨੀਕ ਵਿਜੇ ਕੁਮਾਰ ਅਤੇ ਸਤਪਾਲ ਦੀ ਸ਼ਿਕਾਇਤ 'ਤੇ ਆਏ ਹਨ। ਵਿਜੇ ਕੁਮਾਰ ਦਾ ਕਹਿਣਾ ਹੈ ਕਿ 19 ਫਰਵਰੀ ਨੂੰ ਉਹ ਬਿਮਾਰ ਸੀ ਅਤੇ ਘਰੋਂ ਦਵਾਈ ਲੈਣ ਲਈ ਨਿਕਲਿਆ ਸੀ। ਨੈਸ਼ਨਲ ਹਾਈਵੇ 'ਤੇ ਵਿਧਾਇਕ ਰਾਜਿੰਦਰ ਬੇਰੀ ਨੇ ਆਪਣੇ ਸਮਰਥਕਾਂ ਦੇ ਨਾਲ ਟਰੈਫਿਕ ਜਾਮ ਕੀਤਾ ਹੋਇਆ ਸੀ। ਰਾਜਿੰਦਰ ਬੇਰੀ ਨੇ ਉਨ੍ਹਾਂ ਨੂੰ ਅੱਗੇ ਨਹੀਂ ਜਾਣ ਦਿੱਤਾ, ਜਿਸ ਕਾਰਨ ਉਨ੍ਹਾਂ ਦੀ ਤਬੀਅਤ ਹੋਰ ਵਿਗੜ ਗਈ। ਉਨ੍ਹਾਂ ਨੂੰ ਬਿਨਾਂ ਦਵਾਈ ਲਏ ਉਥੋਂ ਵਾਪਸ ਮੁੜਨਾ ਪਿਆ। ਇਸ ਲਈ ਬੇਰੀ 'ਤੇ ਨਿਯਮਾਂ ਦੇ ਤਹਿਤ ਕਾਰਵਾਈ ਕੀਤੀ ਜਾਏ ਅਤੇ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਜਾਣ।

ਸਤਪਾਲ ਸਿੰਘ ਦਾ ਕਹਿਣਾ ਹੈ ਕਿ ਪੁਲਸ ਨੇ ਵਿਧਾਇਕ ਬੇਰੀ 'ਤੇ ਕੇਸ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਦ ਕਿ ਟਰੈਫਿਕ ਜਾਮ ਦੇ ਕਾਰਨ ਹਜ਼ਾਰਾਂ ਲੋਕਾਂ ਨੂੰ ਪ੍ਰਭਾਵਤ ਹੋਣਾ ਪਿਆ। ਅਜਿਹੀ ਇੱਕ ਸ਼ਿਕਾਇਤ ਹਿਊਮਨ ਰਾਈਟਸ ਵਰਕਰ ਸ਼ਸ਼ੀ ਸ਼ਰਮਾ ਨੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਦੇ ਕੇ ਕਾਂਗਰਸ ਸਮਰਥਕਾਂ ਦੇ ਖ਼ਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ, ਕਿਉਂਕਿ ਟਰੈਫਿਕ ਜਾਮ ਵਿੱਚ ਐਂਬੂਲੈਂਸ ਵੀ ਫਸੀ ਰਹੀ ਸੀ।

## ਪਿਤਾ ਤੇ ਹੋਰਨਾਂ ਨਾਲ ਮਿਲ ਕੇ ਭਰਾ ਵੱਲੋਂ ਭਰਾ ਦੀ ਹੱਤਿਆ

ਤਰਨ ਤਾਰਨ, 25 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਕੋਟ ਜਸਪਤ ਵਿਖੇ ਜ਼ਮੀਨ ਵਿਵਾਦ ਕਾਰਨ ਇੱਕ ਭਰਾ ਨੇ ਆਪਣੇ ਪਿਤਾ, ਪੁੱਤਰਾਂ ਅਤੇ ਹੋਰਨਾਂ ਨਾਲ ਮਿਲ ਕੇ ਛੋਟੇ ਭਰਾ ਬਲਦੇਵ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਬਲਦੇਵ ਸਿੰਘ ਦੇ ਸਰੀਰ ਉਤੇ ਗੋਲੀਆਂ ਮਾਰਨ ਦੇ ਬਾਅਦ ਵੀ ਉਸ ਨੂੰ ਮਰੇ ਪਏ ਨੂੰ ਉਹ ਲੋਕ ਗੋਲੀਆਂ ਮਾਰਦੇ ਅਤੇ ਤੇਜ਼ਧਾਰ ਹਥਿਆਰਾਂ ਨਾਲ ਟੁੱਕਦੇ ਰਹੇ। ਕਤਲ ਕਰਨ ਪਿੱਛੋਂ ਸਾਰੇ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ।

ਥਾਣਾ ਸਦਰ ਦੇ ਐਸ ਐਚ ਓ ਮਨੋਜ ਕੁਮਾਰ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਕੀਤੀ ਹੈ। ਪਲਵਿੰਦਰ ਕੌਰ ਪਤਨੀ ਬਲਦੇਵ ਸਿੰਘ ਵਾਸੀ ਕੋਟ ਜਸਪਤ ਨੇ ਦੱਸਿਆ ਕਿ ਉਸ ਦੇ ਪਤੀ ਬਲਦੇਵ ਸਿੰਘ ਦੇ ਪਿਤਾ ਜਗਤਾਰ ਸਿੰਘ ਨੇ ਉਨ੍ਹਾਂ ਦੇ ਹਿੱਸੇ ਆਉਂਦੀ ਜ਼ਮੀਨ ਆਪਣੇ ਦੂਸਰੇ ਲੜਕੇ ਸੁਖਦੇਵ ਸਿੰਘ ਨੂੰ ਦੇ ਦਿੱਤੀ ਸੀ। ਇਸ ਕਾਰਨ ਉਨ੍ਹਾਂ ਦਾ ਝਗੜਾ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਚਾਚੇ ਮੋਹਨ ਸਿੰਘ ਦੇ ਪੁੱਤਰ ਰਸ਼ਪਾਲ ਸਿੰਘ ਦੇ ਵਿਆਹ ਦੀ ਕੱਲ੍ਹ ਪਾਰਟੀ ਸੀ ਅਤੇ ਉਸ ਦਾ ਸਾਰਾ ਪਰਵਾਰ ਪਾਰਟੀ 'ਚ ਸ਼ਾਮਲ ਸੀ। ਇਸ ਦੌਰਾਨ ਉਸ ਦਾ ਸਹੁਰਾ ਜਗਤਾਰ ਸਿੰਘ, ਜੇਠ ਸੁਖਦੇਵ ਸਿੰਘ, ਉਸ ਦੇ ਲੜਕੇ ਮਨਜਿੰਦਰ ਸਿੰਘ, ਅਮਾਨਤ ਸਿੰਘ, ਸੁਖਦੇਵ ਸਿੰਘ ਦੀ ਪਤਨੀ ਰਣਜੀਤ ਕੌਰ, ਸੁਖਦੇਵ ਦੀ ਮਾਂ ਪਰਮਜੀਤ ਕੌਰ, ਸੁਖਦੇਵ ਸਿੰਘ ਦਾ ਸਾਲਾ ਗੁਰਮੀਤ ਸਿੰਘ ਵਾਸੀ ਰੱਤੋਕੇ, ਕਸ਼ਮੀਰ ਸਿੰਘ ਕੱਦਗਿੱਲ ਅਤੇ 5-6 ਅਣਪਛਾਤੇ ਵਿਅਕਤੀ ਹਥਿਆਰਾਂ ਸਮੇਤ ਉਥੇ ਪਹੁੰਚੇ ਅਤੇ ਉਨ੍ਹਾਂ ਨੇ ਉਸ ਦੇ ਪਤੀ ਬਲਦੇਵ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਬਲਦੇਵ ਸਿੰਘ ਦੇ ਗੋਲੀਆਂ ਲੱਗਣ ਨਾਲ ਮੌਤ ਹੋਣ ਦੇ ਬਾਵਜੂਦ ਉਸ ਦਾ ਸਹੁਰਾ ਜਗਤਾਰ ਸਿੰਘ, ਜੇਠ ਸੁਖਦੇਵ ਸਿੰਘ ਤੇ ਉਸ ਦੇ ਲੜਕੇ ਮਰੇ ਹੋਏ ਬਲਦੇਵ ਸਿੰਘ ਦੇ ਸਰੀਰ 'ਤੇ ਗੋਲੀਆਂ ਮਾਰਦੇ ਤੇ ਤੇਜ਼ਧਾਰ ਹਥਿਆਰਾਂ ਨਾਲ ਟੁੱਕਦੇ ਰਹੇ। ਉਨ੍ਹਾਂ ਦੱਸਿਆ ਕਿ ਹਮਲਾਵਰਾਂ ਦੇ ਸਾਹਮਣੇ ਕਿਸੇ ਦੀ ਹਿੰਮਤ ਨਹੀਂ ਪਈ ਕਿ ਉਹ ਇਨ੍ਹਾਂ ਨੂੰ ਅੱਗੇ ਹੋ ਕੇ ਰੋਕੇ। ਹਮਲਾਵਰਾਂ ਨੇ ਉਸ ਦੀ ਅਤੇ ਉਸ ਦੀ ਲੜਕੀ ਦੀ ਵੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਅਤੇ ਕਾਰਾ ਕਰਨ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋ ਗਏ।

## ਦਿਨ-ਦਿਹਾੜੇ ਨੌਜਵਾਨ ਦੇ ਸਿਰ 'ਚ ਗੋਲੀ ਮਾਰ ਕੇ ਹੱਤਿਆ

ਛੇਹਰਟਾ, 25 ਫਰਵਰੀ (ਪੋਸਟ ਬਿਊਰੋ)- ਥਾਣਾ ਛੇਹਰਟਾ ਦੇ ਘੰਣੂਪੁਰ ਕਾਲੇ ਦੀ ਰਿਆਸਤ (ਹਰਪਾਲ) ਐਵੀਨਿਊ ਵਿਖੇ ਕੱਲ੍ਹ ਦਿਨ-ਦਿਹਾੜੇ ਪੈਸੇ ਦੇ ਲੈਣ ਦੇਣ ਪਿੱਛੇ ਇੱਕ ਨੌਜਵਾਨ ਨੇ ਘਰ ਵਿੱਚ ਦਾਖ਼ਲ ਹੋ ਕੇ ਇੱਕ ਨੌਜਵਾਨ ਨੂੰ ਸਿਰ ਵਿੱਚ ਗੋਲੀ ਮਾਰੀ ਤੇ ਫ਼ਰਾਰ ਹੋ ਗਿਆ। ਗੰਭੀਰ ਜ਼ਖ਼ਮੀ ਨੌਜਵਾਨ ਨੂੰ ਹਸਪਤਾਲ ਲਿਆਂਦਾ ਗਿਆ, ਜਿੱਥੇ ਉਹ ਦਮ ਤੋੜ ਗਿਆ। ਮ੍ਰਿਤਕ ਦੀ ਪਛਾਣ ਰਛਪਾਲ ਸਿੰਘ ਲਾਡੀ (25) ਪੁੱਤਰ ਬੂਟਾ ਸਿੰਘ ਵਜੋਂ ਹੋਈ ਹੈ। ਗੋਲੀਆਂ ਚੱਲਣ ਦੀ ਖ਼ਬਰ ਮਿਲਦੇ ਸਾਰ ਏ ਸੀ ਪੀ ਪੱਛਮੀ ਦੇਵਦੱਤ ਸ਼ਰਮਾ ਨੇ ਓਥੇ ਪੁੱਜ ਕੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ।



ਮ੍ਰਿਤਕ ਦੇ ਭਰਾ ਦਿਲਬਾਗ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਸ ਦੇ ਮਾਤਾ-ਪਿਤਾ ਦਵਾਈ ਲੈਣ ਲਈ ਬਾਜ਼ਾਰ ਗਏ ਸਨ ਤੇ ਉਹ ਆਪਣੇ ਭਰਾ ਲਾਡੀ ਨਾਲ ਘਰ ਵਿੱਚ ਸੀ ਕਿ ਅਚਾਨਕ ਕਰੀਬ ਦਸ ਵਜੇ ਗਾਇਤਰੀ ਮੰਦਰ ਗਲੀ ਵਿੱਚ ਰਹਿਣ ਵਾਲਾ ਲਲਿਤ ਕੁਮਾਰ ਉਨ੍ਹਾਂ ਘਰ ਆਇਆ ਤੇ ਉਸ ਦੇ ਭਰਾ ਰਛਪਾਲ ਸਿੰਘ ਲਾਡੀ, ਜੋ ਘਰ ਵਿੱਚ ਸੁੱਤਾ ਹੋਇਆ ਸੀ, ਨਾਲ ਝਗੜਾ ਕਰਨ ਲੱਗ ਪਿਆ। ਫਿਰ ਲਲਿਤ ਨੇ ਆਪਣੀ ਪਿਸਤੌਲ ਨਾਲ ਉਸ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਵਿੱਚੋਂ ਇੱਕ ਗੋਲੀ ਉਸ ਦੇ ਸਿਰ ਵਿੱਚ ਵੱਜਣ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਲਲਿਤ ਮੌਕੇ ਤੋਂ ਫ਼ਰਾਰ ਹੋ ਗਿਆ। ਗੁਆਂਢ ਰਹਿੰਦੇ ਲੋਕਾਂ ਨੇ ਦੱਸਿਆ ਕਿ ਲਾਡੀ ਅਤੇ ਲਲਿਤ ਵਿਚਕਾਰ ਬੀਤੇ ਦਿਨੀਂ ਵੀ ਕਿਸੇ ਰੰਜਿਸ਼ ਨੂੰ ਲੈ ਕੇ ਕਾਫੀ ਝਗੜਾ ਹੋਇਆ ਸੀ। ਇਸੇ ਰੰਜਸ਼ ਕਾਰਨ ਲਲਿਤ ਨੇ ਕੱਲ੍ਹ ਲਾਡੀ ਨੂੰ ਮਾਰ ਦਿੱਤਾ। ਏ ਸੀ ਪੀ ਦੇਵਦੱਤ ਸ਼ਰਮ ਨੇ ਦੱਸਿਆ ਕਿ ਲਾਡੀ ਅਤੇ ਲਲਿਤ ਵਿਚਕਾਰ ਪੈਸਿਆਂ ਦੇ ਲੈਣ ਦੇਣ ਬਾਰੇ ਰੰਜਿਸ਼ ਚੱਲ ਰਹੀ ਸੀ।

## ਕੇਂਦਰ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੀ ਬੇਨਤੀ ਮੰਨ ਕੇ ਸੀ ਸੀ ਐਲ ਮਿਆਦ 29 ਤੱਕ ਵਧਾਈ

ਚੰਡੀਗੜ੍ਹ, 25 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ ਮੰਨਦੇ ਹੋਏ ਕੇਂਦਰ ਸਰਕਾਰ ਨੇ ਸਾਉਣੀ ਮੰਡੀਕਰਨ ਸੀਜ਼ਨ 2019-20 ਦੌਰਾਨ ਝੋਨੇ ਦੀ ਖਰੀਦ ਲਈ ਨਕਦ ਕਰਜ਼ਾ ਹੱਦ (ਸੀ ਸੀ ਐੱਲ) ਦੀ ਮਿਆਦ ਵਿੱਚ ਕੱਲ੍ਹ ਵਾਧਾ ਕਰ ਦਿੱਤਾ ਹੈ। ਇਸ ਕਦਮ ਨਾਲ ਜਨਤਕ ਵਿੱਤੀ ਪ੍ਰਬੰਧ ਪ੍ਰਣਾਲੀ (ਪੀ ਐੱਫ ਐੱਮ ਐੱਸ) ਖਰਚਾ, ਐਡਵਾਂਸ ਅਤੇ ਟਰਾਂਸਫਾਰਮਰ (ਈ ਏ ਟੀ) ਦੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਆੜ੍ਹਤੀਆਂ ਦੇ ਬਕਾਏ ਨਿਪਟਾਉਣ ਦਾ ਰਾਹ ਪੱਧਰਾ ਹੋ ਗਿਆ ਹੈ ਤੇ ਇਸ ਸੰਬੰਧੀ ਭਾਰਤ ਰਿਜ਼ਰਵ ਬੈਂਕ ਵੱਲੋਂ 200 ਕਰੋੜ ਰੁਪਏ ਜਾਰੀ ਕੀਤਾ ਜਾਵੇਗਾ। ਇਹ ਬਾਰੇ ਮੁੱਖ ਮੰਤਰੀ ਦਫਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਇਸ ਵਾਧੇ ਦੀ ਮਿਆਦ ਵਧਾਉਣ ਨਾਲ ਸੂਬਾ ਸਰਕਾਰ ਨੂੰ ਆੜ੍ਹਤੀਆਂ ਦਾ ਕਮਿਸ਼ਨ ਵਜੋਂ ਖੜ੍ਹੇ ਬਕਾਏ ਦੀ ਅਦਾਇਗੀ ਕਰਨ ਵਿੱਚ ਮਦਦ ਮਿਲੇਗੀ।

ਭਾਰਤ ਸਰਕਾਰ ਵੱਲੋਂ ਲਾਜ਼ਮੀ ਬਣਾਏ ਪੀ ਐੱਫ ਐੱਮ ਐੱਸ, ਈ ਏ ਟੀ ਵਿਧੀ ਨੂੰ ਅਮਲ 'ਚ ਨਾ ਲਿਆਉਣ ਕਰ ਕੇ ਇਹ ਬਕਾਇਆ ਜਾਰੀ ਨਹੀਂ ਕੀਤਾ ਜਾ ਸਕਿਆ ਸੀ। ਵਰਨਣ ਯੋਗ ਹੈ ਕਿ ਆੜ੍ਹਤੀਆਂ ਦੇ ਕਮਿਸ਼ਨ ਵਜੋਂ 750 ਕਰੋੜ ਰੁਪਏ ਦੀ ਕੁੱਲ ਦੇਣਦਾਰੀ ਸਰਕਾਰ ਵੱਲ ਸੀ, ਜਿਸ ਵਿੱਚੋਂ ਪੀ ਐਫ ਐੱਮ ਐੱਸ, ਈ ਏ ਟੀ ਵਿਧੀ ਦੀ ਪਾਲਣਾ ਕਰ ਚੁੱਕੇ ਆੜ੍ਹਤੀਆਂ ਨੂੰ 362 ਕਰੋੜ ਰੁਪਏ ਪਹਿਲਾਂ ਜਾਰੀ ਕੀਤੇ ਜਾ ਚੁੱਕੇ ਹਨ। ਭਾਰਤੀ ਰਿਜ਼ਰਵ ਬੈਂਕ ਨੇ ਮੰਡੀਕਰਨ ਸੀਜ਼ਨ ਦੌਰਾਨ ਝੋਨੇ ਦੀ ਖਰੀਦ ਲਈ ਨਵੇਂ ਖਾਤੇ ਅਧੀਨ 33333.96 ਕਰੋੜ ਰੁਪਏ ਦੇ ਨਕਦ ਕਰਜ਼ਾ ਹੱਦ (ਸੀ ਸੀ ਐੱਲ) ਦੀ ਮਿਆਦ 29 ਫਰਵਰੀ 2020 ਤੱਕ ਵਧਾ ਦਿੱਤੀ ਗਈ ਹੈ। ਅਕਤੂਬਰ 2019 ਲਈ 26707.50 ਕਰੋੜ ਦੀ ਸੀ ਸੀ ਐੱਲ ਲਈ ਪੰਜਾਬ ਨੂੰ ਅਧਿਕਾਰਤ ਕੀਤਾ ਗਿਆ ਸੀ, ਜਦ ਕਿ ਨਵੰਬਰ 2019 ਲਈ 6623.46 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ, ਜਿਸ ਦੀ ਮਿਆਦ ਦਸੰਬਰ 2019 ਤੱਕ ਵਧਾ ਦਿੱਤੀ ਗਈ ਸੀ।





# ਪਿਛਲੀਆਂ ਲੋਕਸਭਾ ਚੋਣਾਂ ਦੀਆਂ ਵੀ ਵੀ ਪੈਟ ਪਰਚੀਆਂ ਸਮੇਂ ਤੋਂ ਪਹਿਲਾਂ ਨਸ਼ਟ ਕੀਤੀਆਂ ਗਈਆਂ



ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਦੋ ਗੈਰ ਸਰਕਾਰੀ ਸੰਗਠਨਾਂ ਨੇ ਸੁਪਰੀਮ ਕੋਰਟ ਵਿੱਚ ਦੋਸ਼ ਲਾਇਆ ਹੈ ਕਿ ਚੋਣ ਕਮਿਸ਼ਨ ਨੇ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਦੀਆਂ ਵੀ ਵੀ ਪੈਟ ਪਰਚੀਆਂ ਨੂੰ ਸਮੇਂ ਤੋਂ ਪਹਿਲਾਂ ਹੀ ਨਸ਼ਟ ਕਰ ਦਿੱਤਾ ਹੈ। ਇਹ ਕਾਨੂੰਨ ਦੀ ਉਲੰਘਣਾ ਹੈ।

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ ਡੀ ਆਰ) ਅਤੇ ਕਾਮਨ ਕਾਜ ਨੇ ਆਰ ਟੀ ਆਈ ਅਰਜ਼ੀ ਨਾਲ ਮਿਲੀ ਜਾਣਕਾਰੀ ਦਾ ਹਵਾਲਾ ਦਿੰਦੇ ਹੋਏ ਅਦਾਲਤ ਨੂੰ ਦੱਸਿਆ ਕਿ ਨਿਯਮਾਂ ਦੇ ਅਨੁਸਾਰ ਵੀ ਵੀ ਪੈਟ ਪਰਚੀਆਂ ਨੂੰ ਇੱਕ ਸਾਲ ਤੱਕ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਚੀਫ ਜਸਟਿਸ ਐੱਸ ਏ ਬੋਬੜੇ ਦੀ ਅਗਵਾਈ ਵਾਲੀ ਬੈਂਚ ਇਸ ਕੇਸ ਦੀ ਸੁਣਵਾਈ ਕਰ ਰਹੀ ਹੈ। ਜਸਟਿਸ ਬੀ ਆਰ ਗਵਈ ਤੇ ਜਸਟਿਸ ਸੂਰਿਆ ਕਾਂਤ ਇਸ ਬੈਂਚ ਦੇ ਬਾਕੀ ਜੱਜ ਹਨ। ਗੈਰ ਸਰਕਾਰੀ ਸੰਗਠਨਾਂ ਦੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਸੂਚਨਾ ਅਧਿਕਾਰ ਕਾਨੂੰਨ ਹੇਠ ਉਨ੍ਹਾਂ ਨੂੰ ਹੈਰਾਨ ਕਰਨ ਵਾਲੀ ਜਾਣਕਾਰੀ ਮਿਲੀ ਹੈ। ਭੂਸ਼ਣ ਨੇ ਕਿਹਾ ਕਿ ਉਹ ਇਸ ਸਿਲਸਿਲੇ ਵਿੱਚ ਇੱਕ ਪਟੀਸ਼ਨ ਦਾਖਲ ਕਰਨਗੇ।

ਅਦਾਲਤ ਨੇ ਇਸ ਤੋਂ ਪਹਿਲਾਂ 2019 ਦੀਆਂ ਲੋਕ ਸਭਾ ਚੋਣਾਂ ਦੇ ਦੌਰਾਨ 347 ਚੋਣ ਹਲਕਿਆਂ ਵਿੱਚ ਵੋਟਰਾਂ ਦੀ ਗਿਣਤੀ ਤੇ ਗਿਣੀਆਂ ਜਾਣ ਵਾਲੀਆਂ ਵੋਟਾਂ ਦੀਆਂ ਤਰੁੱਟੀਆਂ ਦੀ ਜਾਂਚ ਦੀ ਮੰਗ ਵਾਲੀ ਪਟੀਸ਼ਨ 'ਤੇ ਕਮਿਸ਼ਨ ਨੂੰ ਨੋਟਿਸ ਜਾਰੀ ਕੀਤਾ ਸੀ। ਚੋਣ ਕਮਿਸ਼ਨ ਨੇ ਉਸ 'ਤੇ ਆਪਣਾ ਜਵਾਬ ਨਹੀਂ ਦਿੱਤਾ। ਇਸ ਮੁੱਦੇ 'ਤੇ ਚਾਰ ਹਫਤੇ ਬਾਅਦ ਸੁਣਵਾਈ ਹੋਵੇਗੀ। ਗੈਰ ਸਰਕਾਰੀ ਸੰਗਠਨਾਂ ਨੇ ਪਟੀਸ਼ਨ ਵਿੱਚ ਸਾਰੀਆਂ ਚੋਣਾਂ ਦੇ ਅੰਕੜਿਆਂ ਦੀਆਂ ਤਰੁੱਟੀਆਂ ਦੀ ਜਾਂਚ ਲਈ ਇੱਕ ਮਜ਼ਬੂਤ ਪ੍ਰਕਿਰਿਆ ਬਣਾਉਣ ਦੇ ਲਈ ਚੋਣ ਕਮਿਸ਼ਨ ਨੂੰ ਹੁਕਮ ਦੇਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਦੇ ਨਤੀਜੇ ਐਲਾਨ ਹੋ ਜਾਣ ਦੇ ਬਾਅਦ ਵੋਟਿੰਗ ਅਤੇ ਅੰਤਿਮ ਵੋਟਾਂ ਦੀ ਗਿਣਤੀ ਦਾ ਵਿਸਤ੍ਰਿਤ ਵੇਰਵਾ ਆਪਣੀ ਵੈੱਬਸਾਈਟ 'ਤੇ ਜਾਰੀ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਚਾਰ ਹਫਤੇ ਵਿੱਚ ਜਵਾਬ ਦੇਣ ਨੂੰ ਕਿਹਾ ਹੈ।

## ਯੂਜਰਜ਼ ਨੇ ਜਨਵਰੀ ਵਿੱਚ 53 ਅਰਬ ਮਿੰਟ ਟਿਕਟਾਕ ਵੀਡੀਓ ਦੇਖੀਆਂ

ਮੁੰਬਈ, 25 ਫਰਵਰੀ (ਪੋਸਟ ਬਿਊਰੋ)- ਭਾਰਤੀ ਵਿਊਅਰਜ਼ ਨੇ ਮੋਬਾਈਲ ਫੋਨ 'ਤੇ ਜਨਵਰੀ ਵਿੱਚ ਸ਼ਾਰਟ-ਫਾਰਮ ਵਰਟੀਕਲ ਵੀਡੀਓ ਦੇਖਣ ਵਿੱਚ 53 ਅਰਬ ਮਿੰਟ ਬਿਤਾਏ ਸਨ। ਦੋ ਸਾਲ ਪਹਿਲਾਂ ਵਿਊਰਅਰਜ਼ ਨੇ ਇਸ ਫਾਰਮੈਟ ਦੇ ਵੀਡੀਓ ਦੇਖਣ ਵਿੱਚ 53 ਕਰੋੜ ਮਿੰਟ ਖਰਚ ਕੀਤੇ ਸਨ, ਜੋ ਇਸ ਵਾਰ 100 ਗੁਣਾ ਹੋ ਗਿਆ ਹੈ।

ਵਿਊਅਰਸ਼ਿਪ ਵਿੱਚ ਤੂਫਾਨੀ ਵਾਧੇ ਦਾ ਵੱਡਾ ਕਾਰਨ ਉਨ੍ਹਾਂ ਵਿੱਚ ਕਾਫੀ ਪਾਪੂਲਰ ਹੋਇਆ ਵੀਡੀਓ ਸ਼ੇਅਰਿੰਗ ਐਪ ਟਿਕਟਾਕ ਹੈ। ਇਹ ਐਪ ਚਾਈਨੀਜ਼ ਇੰਟਰਨੈਟ ਟੈਕਨਾਲੋਜੀ ਕੰਪਨੀ ਬਾਈਟਡਾਂਸ ਦਾ ਹੈ। ਟਿਕਟਾਕ ਇੰਡੀਆ ਦੇ ਹੈਡ ਨਿਖਿਲ ਗਾਂਧੀ ਨੇ ਕਿਹਾ, ਭਾਰਤ ਵਿੱਚ ਸ਼ਾਰਟ-ਫਾਰਮ ਵੀਡੀਓ ਕੰਟੈਂਟ ਵਿੱਚ ਜ਼ਬਰਦਸਤ ਗ੍ਰੋਥ ਹੋਈ ਹੈ। ਅਜਿਹੇ ਕੰਟੈਂਟ ਦਾ ਇਹ ਕੰਜ਼ੰਪਸ਼ਨ ਅਤੇ ਅਜਿਹੀ ਰੀਚ ਅਸੀਂ ਪਹਿਲਾਂ ਕਦੇ ਨਹੀਂ ਦੇਖੀ। 2018 ਵਿੱਚ ਟੋਟਲ ਵੀਡੀਓ ਕੰਜ਼ੰਪਸ਼ਨ ਵਿੱਚ ਸ਼ਾਰਟ-ਫਾਰਮ ਵਰਟੀਕਲ ਵੀਡੀਓ ਦਾ ਹਿੱਸਾ 1 ਫੀਸਦੀ ਤੋਂ ਘੱਟ ਸੀ, ਜੋ ਲਗਭਗ 10 ਫੀਸਦੀ ਤੱਕ ਪਹੁੰਚ ਗਿਆ ਹੈ। ਸ਼ਾਰਟ-ਫਾਰਮ ਵਰਟੀਕਲ ਵੀਡੀਓ ਆਮ ਤੌਰ 'ਤੇ 15 ਤੋਂ 60 ਸੈਕਿੰਡ ਦੇ ਵਿੱਚ ਵੀਡੀਓ ਹੁੰਦੇ ਹਨ, ਜੋ ਇੱਕ ਦੇ ਬਾਅਦ ਇੱਕ ਚਲਦੇ ਹਨ ਅਤੇ ਲੋਕ ਇਸ ਵਿੱਚ ਰੁੱਝੇ ਰਹਿੰਦੇ ਹਨ।

## ਕਈ ਮੁਸਲਿਮ ਪਰਿਵਾਰਾਂ ਨੇ ਅਫਵਾਹਾਂ ਹੇਠ ਬੈਂਕ ਅਕਾਊਂਟ ਖ਼ਾਲੀ ਕੀਤੇ

ਚੇਨਈ, 25 ਫਰਵਰੀ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਤੋਂ ਬਾਅਦ ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐੱਨ ਪੀ ਆਰ) ਬਾਰੇ ਵੀ ਭਾਰਤ ਦੀ ਸਿਆਸਤ ਗਰਮਾਈ ਹੋਈ ਹੈ। ਇਸ ਬਾਰੇ ਲੋਕਾਂ ਕਈ ਢੰਗਾਂ ਨਾਲ ਭਰਮਾਊ ਜਾਣਕਾਰੀਆਂ ਪਹੁੰਚ ਰਹੀਆਂ ਹਨ। ਨਾਗਰਿਕਤਾ ਸੋਧ ਕਾਨੂੰਨ ਨੂੰ ਨਾਗਰਿਕਤਾ ਖ਼ਤਮ ਕਰਨ ਵਾਲਾ ਕਿਹਾ ਜਾ ਰਿਹਾ ਹੈ। ਇਸੇ ਅਸਰ ਦੇ ਕਾਰਨ ਮੁਸਲਮਾਨਾਂ ਵਿੱਚ ਡਰ ਨਜ਼ਰ ਆ ਰਿਹਾ ਹੈ ਤੇ ਮਰਦਮਸ਼ੁਮਾਰੀ ਨਾਲ ਜੁੜੇ ਐੱਨ ਪੀ ਆਰ ਬਾਰੇ ਵੀ ਉਹ ਪਰਿਵਾਰ ਡਰੇ ਹੋਏ ਹਨ। ਤਾਮਿਲ ਨਾਡੂ ਦੇ ਇਕ ਪਿੰਡ ਦੇ 100 ਤੋਂ ਵੱਧ ਮੁਸਲਿਮ ਪਰਿਵਾਰਾਂ ਨੇ ਐੱਨ ਪੀ ਆਰ ਦੇ ਡਰ ਕਾਰਨ ਨਾਗਰਿਕਤਾ ਉੱਤੇ ਸੰਕਟ ਦੀਆਂ ਅਫ਼ਵਾਹਾਂ ਸੁਣ ਕੇ ਡਰ ਨਾਲ ਆਪਣੇ ਬੈਂਕ ਖਾਤੇ ਖ਼ਾਲੀ ਕਰ ਦਿੱਤੇ ਹਨ ਅਤੇ ਇਨ੍ਹਾਂ ਵਿੱਚ ਜਮ੍ਹਾਂ ਕੀਤੀ ਬਹੁਤੀ ਜਮ੍ਹਾਂ ਪੂੰਜੀ ਕਢਵਾ ਲਈ ਹੈ।

ਤਾਮਿਲ ਨਾਡੂ ਦੇ ਨਾਗਾਪੱਟੀਨਮ ਜ਼ਿਲ੍ਹੇ ਦੇ ਇਕ ਪਿੰਡ ਵਿੱਚ ਬੀਤੇ ਕੁਝ ਦਿਨਾਂ ਵਿੱਚ 100 ਤੋਂ ਜ਼ਿਆਦਾ ਮੁਸਲਿਮ ਪਰਿਵਾਰਾਂ ਨੇ ਆਪਣੇ ਬੈਂਕ ਖਾਤਿਆਂ ਵਿੱਚੋਂ ਬਹੁਤਾ ਪੈਸਾ ਕੱਢ ਲਿਆ ਹੈ। ਕੇਂਦਰ ਸਰਕਾਰ ਵੱਲੋਂ ਐੱਨ ਪੀ ਆਰ ਲਾਗੂ ਕਰ ਦੇਣ ਪਿੱਛੋਂ ਫੈਲੀਆਂ ਅਫ਼ਵਾਹਾਂ ਕਾਰਨ ਇਨ੍ਹਾਂ ਪਰਿਵਾਰਾਂ ਨੇ ਇਹ ਕਦਮ ਉਠਾਇਆ ਹੈ। ਮੀਡੀਆ ਰਿਪੋਰਟਾਂ ਦੇ ਮੁਤਾਬਿਕ ਥੇਰਿਜਹਾਨਦੁਰ ਪਿੰਡ ਦੇ ਇਕ ਸਥਾਨਕ ਵਿਅਕਤੀ ਦੀ ਵੀਡੀਓ ਆਈ ਹੈ, ਜਿਸ ਵਿਚ ਉਹ ਬੈਂਕ ਦੇ ਬ੍ਰਾਂਚ ਮੈਨੇਜਰ ਨਾਲ ਗੱਲਬਾਤ ਕਰਦਾ ਦਿੱਸ-ਦਾ ਹੈ, ਇਸ ਵਿਚ ਪਿੰਡ ਵਾਲਿਆਂ ਨੂੰ ਬੈਂਕ ਖਾਤੇ ਤੋਂ ਪੈਸਾ ਨਾ ਕਢਵਾਉਣ ਦੀ ਅਧਿਕਾਰੀ ਸਲਾਹ ਦੇ ਰਹੇ ਹਨ। ਬੈਂਕ ਮੈਨੇਜਰ ਅਤੇ ਅਧਿਕਾਰੀਆਂ ਵੱਲੋਂ ਇਕ ਸਕੂਲ ਕੈਂਪਸ ਵਿੱਚ ਇਹ ਗੱਲਬਾਤ ਕੀਤੀ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਐੱਨ ਪੀ ਆਰ ਦੌਰਾਨ ਦਸਤਾਵੇਜ਼ਾਂ ਨੂੰ ਪੇਸ਼ ਕਰਨਾ ਜ਼ਰੂਰੀ ਨਹੀਂ। ਅਧਿਕਾਰੀ ਉਨ੍ਹਾਂ ਦਾ ਪੈਸਾ ਸੁਰੱਖਿਅਤ ਹੋਣ ਦੀ ਗੱਲ ਵੀ ਕਹਿ ਰਹੇ ਹਨ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਅਸੀਂ ਸੁਣਿਆ ਹੈ ਕਿ ਐੱਨ ਪੀ ਆਰ ਦੇ ਦਸਤਾਵੇਜ਼ ਵੀ ਬੈਂਕ ਵਿੱਚ ਕੇ ਵਾਈ ਸੀ ਸੂਚੀ ਦਾ ਹਿੱਸਾ ਹੋਣਗੇ। ਅਸੀਂ ਆਪਣੀ ਸਾਰੀ ਸੇਵਿੰਗ ਗੁਆਉਣੀ ਨਹੀਂ ਚਾਹੁੰਦੇ। ਸਾਨੂੰ ਇਹ ਨਹੀਂ ਪਤਾ ਕਿ ਸਾਡੀ ਨਾਗਰਿਕਤਾ ਸਾਬਿਤ ਕਰਨ ਲਈ ਕਿਹੜਾ ਦਸਤਾਵੇਜ਼ ਜ਼ਰੂਰੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਵਿਚ ਨਾਗਰਿਕਤਾ ਸੋਧ ਕਾਨੂੰਨ ਤੇ ਐੱਨ ਆਰ ਸੀ ਬਾਰੇ ਕਈ ਤਰ੍ਹਾਂ ਦਾ ਰੌਲਾ ਪਿਆ ਹੋਇਆ ਹੈ। ਇਸ ਦੌਰਾਨ ਹਰ ਦਸ ਸਾਲ ਵਿੱਚ ਹੋਣ ਵਾਲੇ ਐੱਨ ਪੀ ਆਰ ਨੂੰ ਵੀ ਕੇਂਦਰ ਸਰਕਾਰ ਨੇ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਬਾਰੇ ਲੋਕਾਂ ਵਿਚਕਾਰ ਭਰਮ ਫੈਲਣ ਲੱਗ ਪਏ ਹਨ।

## ਭਾਰਤ-ਅਮਰੀਕਾ ਦੀਆਂ ਸਾਂਝੀਆਂ ਕਦਰਾਂ-ਕੀਮਤਾਂ 'ਚ ਪੱਖਪਾਤ ਤੇ ਕੱਟੜਤਾ ਸ਼ਾਮਲ: ਐਮਨੈਸਟੀ ਇੰਟਰਨੈਸ਼ਨਲ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਐਮਨੈਸਟੀ ਇੰਟਰਨੈਸ਼ਨਲ (ਅਮਰੀਕਾ) ਦਾ ਕਹਿਣਾ ਹੈ ਕਿ ਭਾਰਤ ਤੇ ਅਮਰੀਕਾ ਵਿਚਾਲੇ ਜਿਨ੍ਹਾਂ ਸਾਂਝੀਆਂ ਕਦਰਾਂ-ਕੀਮਤਾਂ ਦੀ ਗੱਲ ਹੋ ਰਹੀ ਹੈ, ਉਨ੍ਹਾਂ ਵਿੱਚ 'ਪੱਖਪਾਤ ਕਰਨਾ, ਕੱਟੜਤਾ ਅਤੇ ਸ਼ਰਨਾਰਥੀਆਂ ਤੇ ਸ਼ਰਨ ਮੰਗਣ ਵਾਲਿਆਂ ਦਾ ਵਿਰੋਧ ਕਰਨਾ ਸ਼ਾਮਲ ਹਨ।'




ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਪਰਵਾਰ ਸਣੇ ਭਾਰਤ ਦੌਰੇ ਉੱਤੇ ਹਨ ਅਤੇ ਦੋਵਾਂ ਮੁਲਕਾਂ ਵਿਚਾਲੇ ਸਾਂਝ ਦਾ ਕਈ ਥਾਂ ਜ਼ਿਕਰ ਕੀਤਾ ਗਿਆ ਹੈ। ਮਨੁੱਖੀ ਹੱਕਾਂ ਬਾਰੇ ਸੰਗਠਨ ਦੇ ਬਿਆਨ ਮੁਤਾਬਕ ਭਾਰਤ ਤੇ ਅਮਰੀਕੀ ਆਗੂਆਂ ਦੀਆਂ ਨੀਤੀਆਂ ਵਿੱਚ ਮੁਸਲਮ ਵਿਰੋਧੀ ਭਾਵਨਾ ਭਰੀ ਹੋਈ ਹੈ। ਦਹਾਕਿਆਂ ਬੱਧੀ ਭਾਰਤ-ਅਮਰੀਕਾ ਰਿਸ਼ਤਿਆਂ ਨੂੰ ਮਨੁੱਖੀ ਅਧਿਕਾਰਾਂ ਤੇ ਇਨਸਾਨੀਅਤ ਦੇ ਪੱਖ ਤੋਂ ਪੇਸ਼ ਕੀਤਾ ਜਾਂਦਾ ਰਿਹਾ ਹੈ, ਪਰ ਹੁਣ ਇਸ ਸਾਂਝ ਨੇ ਰੂਪ ਵਟਾ ਲਿਆ ਹੈ। ਐਮਨੈਸਟੀ ਦੀ ਅਮਰੀਕਾ ਵਿੱਚ ਕਾਰਜਕਾਰੀ ਡਾਇਰੈਕਟਰ ਮਾਰਗ੍ਰੇਟ ਹੁਆਂਗ ਨੇ ਇਹ ਬਿਆਨ ਭਾਰਤ ਵਿੱਚ ਜਾਰੀ ਨਾਗਰਿਕਤਾ ਕਾਨੂੰਨ (ਸੀ ਏ ਏ) ਦੇ ਵਿਰੋਧ ਅਤੇ ਜੰਮੂ ਕਸ਼ਮੀਰ ਵਿੱਚ ਇੰਟਰਨੈਟ ਦੀ ਪਾਬੰਦੀ ਦੇ ਸੰਦਰਭ ਵਿੱਚ ਜਾਰੀ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਵੱਲੋਂ ਲਾਈਆਂ ਪਾਬੰਦੀਆਂ ਮੁਸਲਿਮ ਜਗਤ ਨੂੰ ਨਾਇਜੀਰੀਆ, ਮਿਆਂਮਾਰ, ਕਿਰਗਿਜ਼ਸਤਾਨ, ਸੂਡਾਨ ਤੇ ਤਨਜ਼ਾਨੀਆਂ ਸਣ ਕਈ ਦੇਸ਼ਾਂ ਵਿੱਚ ਪ੍ਰਭਾਵਿਤ ਕਰ ਰਹੀਆਂ ਹਨ। ਸੰਗਠਨ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਭਾਰਤ ਦਾ ਸੀ ਏ ਏ ਨਿਰੋਲ ਪੱਖਪਾਤੀ ਹੈ ਅਤੇ ਧਰਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਵਿੱਚ ਪੱਖਪਾਤ ਕਰ ਰਿਹਾ ਹੈ। ਭਾਰਤ ਵਿੱਚ ਹੋਈ ਬਿਆਨਬਾਜ਼ੀ, 'ਮੁਜ਼ਾਹਰਾਕਾਰੀ ਕੱਪੜਿਆਂ ਤੋਂ ਪਛਾਣੇ ਜਾਂਦੇ ਹਨ', 'ਗੱਦਾਰਾਂ ਨੂੰ ਗੋਲੀ ਮਾਰੋ' ਦੀ ਵੀ ਐਮਨੈਸਟੀ ਨੇ ਸਖ਼ਤ ਨਿਖੇਧੀ ਕੀਤੀ ਅਤੇ ਕਿਹਾ ਕਿ ਅਜਿਹੀਆਂ ਟਿੱਪਣੀਆਂ ਡਰ ਪੈਦਾ ਕਰਨ ਦੇ ਨਾਲ-ਨਾਲ ਵੰਡੀਆਂ ਪਾਉਂਦੀਆਂ ਹਨ।

# ਸਾਬਰਮਤੀ ਆਸ਼ਰਮ ਦੀ ਕਿਤਾਬ ਵਿੱਚ ਟਰੰਪ ਨੇ ਮੋਦੀ ਨੂੰ ਫਰੈਂਡ ਕਿਹਾ, ਗਾਂਧੀ ਦਾ ਜ਼ਿਕਰ ਹੀ ਨਹੀਂ

* ਤਿੰਨ ਘੰਟਿਆਂ ਵਿੱਚ ਮੋਦੀ-ਟਰੰਪ ਸੱਤ ਵਾਰ ਗਲੇ ਮਿਲੇ







ਅਹਿਮਦਾਬਾਦ, 25 ਫਰਵਰੀ (ਪੋਸਟ ਬਿਊਰੋ)- ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਤੋਂ ਰਵਾਨਾ ਹੋਣ ਤੋਂ ਪਹਿਲਾਂ ਟਰੰਪ ਨੇ ਵਿਜ਼ਟਰ ਬੁੱਕ ਵਿੱਚ ਲਿਖਿਆ, ''ਮੇਰੇ ਮਹਾਨ ਦੋਸਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਇਸ ਸ਼ਾਨਦਾਰ ਯਾਤਰਾ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।''

ਆਮ ਤੌਰ 'ਤੇ ਜਦੋਂ ਵੀ ਕੋਈ ਪ੍ਰਮੁੱਖ ਵਿਅਕਤੀ ਸਾਬਰਮਤੀ ਆਸ਼ਰਮ ਵਿਖੇ ਆਉਂਦਾ ਹੈ ਤਾਂ ਵਿਜ਼ਟਰ ਬੁੱਕ ਵਿੱਚ ਮਹਾਤਮਾ ਗਾਂਧੀ ਜਾਂ ਉਨ੍ਹਾਂ ਦੇ ਜੀਵਨ ਦਰਸ਼ਨ ਦਾ ਜ਼ਰੂਰ ਜ਼ਿਕਰ ਕਰਦਾ ਹੈ, ਪਰ ਟਰੰਪ ਨੇ ਇਸ ਦੀ ਥਾਂ ਸਿਰਫ ਨਰਿੰਦਰ ਮੋਦੀ ਦਾ ਜ਼ਿਕਰ ਕੀਤਾ ਹੈ। ਇਸ ਤੋਂ ਪਹਿਲਾਂ 2001 ਵਿੱਚ ਜਦੋਂ ਬਿਲ ਕਲਿੰਟਨ ਆਏ ਸਨ ਤਾਂ ਉਨ੍ਹਾਂ ਨੇ ਵਿਜ਼ਟਰ ਬੁੱਕ ਵਿੱਚ ਮਹਾਤਮਾ ਗਾਂਧੀ ਦੇ ਵਿਚਾਰਾਂ ਨੂੰ ਦੁਨੀਆ ਦੀ ਅਧਿਆਤਮਕ ਵਿਰਾ-ਸਤ ਦੱਸਿਆ ਸੀ। ਦੋ ਸਾਲ ਪਹਿਲਾਂ ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਥੇ ਆ ਕੇ ਮਹਾਤਮਾ ਗਾਂਧੀ ਨੂੰ ਮਨੁੱਖ ਦਾ ਮਹਾਨ ਪੈਗੰਬਰ ਦੱਸਿਆ ਸੀ।

ਉਂਜ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਾਰਤ ਦੌਰੇ ਦੇ ਪਹਿਲੇ ਦਿਨ ਟਰੰਪ ਅਤੇ ਨਰਿੰਦਰ ਮੋਦੀ ਦੀ ਚੰਗੀ ਕੈਮਿਸਟਰੀ ਵੇਖਣ ਨੂੰ ਮਿਲੀ। ਦੋਵੇਂ ਆਗੂ ਪੰਜ ਮਹੀਨੇ ਪਹਿਲਾਂ 'ਹਾਊਡੀ ਮੋਦੀ' ਪ੍ਰੋਗਰਾਮ ਦੌਰਾਨ ਅਮਰੀਕਾ ਵਿੱਚ ਮਿਲੇ ਸਨ। ਇਸ ਵਾਰ ਅਹਿਮਦਾਬਾਦ ਦੇ ਮੋਟੇਰਾ ਸਟੇਡੀਅਮ ਵਿੱਚ ਉਹ 'ਨਮਸਤੇ ਟਰੰਪ' ਪ੍ਰੋਗਰਾਮ ਵਿੱਚ ਮਿਲੇ। ਟਰੰਪ ਦਾ ਹਵਾਈ ਜਹਾਜ਼ ਏਅਰਫੋਰਸ-1 ਕੱਲ੍ਹ ਸਵੇਰੇ ਅਹਿਮਦਾਬਾਦ ਹਵਾਈ ਅੱਡੇ 'ਤੇ ਪੁੱਜਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੋਨਾਲਡ ਟਰੰਪ ਤੇ ਮੇਲਾਨੀਆ ਦਾ ਸਵਾਗਤ ਕੀਤਾ। ਟਰੰਪ ਅਤੇ ਮੇਲਾਨੀਆ ਤਿੰਨ ਘੰਟਿਆਂ ਲਈ ਅਹਿਮਦਾਬਾਦ ਵਿਖੇ ਰਹੇ। ਇਸ ਦੌਰਾਨ ਮੋਦੀ ਤੇ ਟਰੰਪ ਸੱਤ ਵਾਰ ਇੱਕ-ਦੂਜੇ ਦੇ ਗਲੇ ਮਿਲੇ ਤੇ ਨੌਂ ਵਾਰ ਹੱਥ ਮਿਲਾਇਆ। ਪ੍ਰੋਗਰਾਮ ਦੌਰਾਨ ਟਰੰਪ ਨੇ ਪੰਜਾਹ ਵਾਰ 'ਇੰਡੀਆ' ਅਤੇ ਮੋਦੀ ਨੇ 29 ਵਾਰ 'ਅਮਰੀਕਾ' ਬੋਲਿਆ।

# ਭਾਰਤ ਦੀ ਮੰਦੀ ਦੀ ਲਪੇਟ ਵਿੱਚ ਆ ਗਿਆ ਟਰੰਪ ਬਰਾਂਡ




ਪੁਣੇ, 25 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੇਂ ਆਪਣੀ ਪਤਨੀ ਅਤੇ ਧੀ ਨਾਲ ਭਾਰਤ ਦੇ ਦੌਰੇ 'ਤੇ ਹਨ। ਭਾਰਤ ਮੰਦੀ ਦੇ ਸੰਕਟ 'ਚ ਫਸਿਆ ਹੋਇਆ ਹੈ। ਇਸ ਦੀ ਅਰਥ ਵਿਵਸਥਾ ਦੀ ਵਿਕਾਸ ਦਰ ਇੱਕ ਦਹਾਕੇ ਤੋਂ ਵੱਧ ਸਮੇਂ 'ਚ ਸਭ ਤੋਂ ਘੱਟ ਹੈ। ਰੀਅਲ ਅਸਟੇਟ ਡਿਵੈਲਪਰਾਂ ਨੇ ਖਰੀਦਦਾਰਾਂ ਨੂੰ ਖਿੱਚਣ ਦੇ ਲਈ ਰਿਹਾਇਸ਼ੀ ਪ੍ਰੋਜੈਕਟਾਂ ਦੀਆਂ ਕੀਮਤਾਂ 'ਚ ਕਮੀ ਕੀਤੀ ਹੈ। ਹਜ਼ਾਰਾਂ ਅਪਾਰਟਮੈਂਟ ਦੇਸ਼ ਵਿੱਚ ਖਾਲੀ ਹਨ ਜਾਂ ਉਸਾਰੀ ਲਈ ਦੇਰੀ 'ਚ ਫਸ ਗਏ ਹਨ ਅਤੇ ਕੀਮਤਾਂ ਸਥਿਰ ਹੋ ਗਈਆਂ ਹਨ। ਕਰਜ਼ੇ ਵਿੱਚ ਡੁੱਬੇ ਬਿਲਡਰਸ ਹੋਰ ਕਰਜ਼ਾ ਲੈਣ 'ਚ ਅਸਮਰਥ ਹਨ। ਇਨ੍ਹਾਂ ਵਿੱਚ ਟਰੰਪ ਬ੍ਰਾਂਡ ਵੀ ਸ਼ਾਮਲ ਹੈ।

ਤੁਸੀਂ ਸ਼ਾਇਦ ਡੋਨਾਲਡ ਟਰੰਪ ਨੂੰ ਸਿਰਫ ਇੱਕ ਨੇਤਾ ਦੇ ਰੂਪ ਵਿੱਚ ਜਾਣਦੇ ਹੋ, ਪਰ ਉਹ ਇੱਕ ਵੱਡੇ ਕਾਰੋਬਾਰੀ ਵੀ ਹਨ। ਟਰੰਪ ਦਾ ਰੀਅਲ ਅਸਟੇਟ ਸੈਕਟਰ ਵਿੱਚ ਬਹੁਤ ਵੱਡਾ ਬਿਜ਼ਨਸ ਹੈ। ਇਸ ਤੋਂ ਇਲਾਵਾ ਹੋਰ ਕਾਰੋਬਾਰਾਂ 'ਚ ਵੀ ਉਨ੍ਹਾਂ ਨੇ ਪੈਸਾ ਲਾਇਆ ਹੋਇਆ ਹੈ। ਜਦੋਂ ਭਾਰਤ ਦੀ ਅਰਥ ਵਿਵਸਥਾ ਮੰਦੀ ਦੀ ਲਪੇਟ ਵਿੱਚ ਹੈ ਤਾਂ ਉਸ ਤੋਂ ਉਨ੍ਹਾਂ ਦਾ ਕਾਰੋਬਾਰ ਵੀ ਬਚਿਆ ਨਹੀਂ। ਵਿੱਤੀ ਮਾਮਲਿਆਂ ਦੇ ਮਾਹਰ ਦੱਸਦੇ ਹਨ ਕਿ ਸਾਲ 2018 ਦੌਰਾਨ ਕੰਪਨੀ ਨੇ ਭਾਰਤ ਵਿੱਚ ਆਪਣੇ ਸਾਰੇ ਪ੍ਰੋਜੈਕਟਾਂ ਤੋਂ 20 ਲੱਖ ਡਾਲਰ ਕਮਾਈ ਕੀਤੀ। ਟਰੰਪ ਆਰਗੇਨਾਈਜ਼ੇਸ਼ਨ ਨੇ ਇਨ੍ਹਾਂ ਭਾਰਤੀ ਪ੍ਰੋਜੈਕਟਾਂ 'ਚੋਂ ਸਭ ਤੋਂ ਵੱਧ ਸਾਲ 2017 'ਚ ਸੱਠ ਲੱਖ ਡਾਲਰ ਕਮਾਏ ਸਨ ਅਤੇ 2018 ਵਿੱਚ ਉਸ ਨੇ 20 ਲੱਖ ਡਾਲਰ ਦੀ ਕਮਾਈ ਕੀਤੀ। ਯਾਨੀ ਟਰੰਪ ਨੂੰ ਆਪਣੇ ਭਾਰਤੀ ਪ੍ਰੋਜੈਕਟਾਂ 'ਚ ਚਾਲੀ ਲੱਖ ਡਾਲਰ ਦਾ ਘਾਟਾ ਹੋਇਆ।

ਸਭ ਤੋਂ ਵੱਧ ਹੈਰਾਨੀ ਵਾਲੀ ਗੱਲ ਇਹ ਹੈ ਕਿ ਟਰੰਪ ਨੇ ਰੀਅਲ ਅਸਟੇਟ ਵਿੱਚ ਨਾਰਥ ਅਮਰੀਕਾ ਤੋਂ ਬਾਅਦ ਜੇ ਕਿਤੇ ਸਭ ਤੋਂ ਵੱਧ ਨਿਵੇਸ਼ ਕੀਤਾ ਹੈ ਤਾਂ ਉਹ ਭਾਰਤ ਹੈ। ਤੁਸੀਂ ਸਮਝ ਸਕਦੇ ਹੋ ਕਿ ਟਰੰਪ ਦਾ ਭਾਰਤ ਦੌਰਾ ਦੋ ਦੇਸ਼ਾਂ ਦੀ ਰਾਜਨੀਤੀ ਦੇ ਨਾਲ ਉਨ੍ਹਾਂ ਦੇ ਕਾਰੋਬਾਰੀ ਹਿੱਤਾਂ ਦੇ ਪੱਖ ਤੋਂ ਵੀ ਮਹੱਤਵ ਰੱਖਦਾ ਹੈ।

'ਦਿ ਟਰੰਪ ਆਰਗੇਨਾਈਜ਼ੇਸ਼ਨ' 500 ਕਾਰੋਬਾਰੀ ਇਕਾਈਆਂ ਦੇ ਇੱਕ ਗਰੁੱਪ ਮਾਲਕ ਡੋਨਾਲਡ ਟਰੰਪ ਹੀ ਹਨ। ਇਨ੍ਹਾਂ 'ਚੋਂ 250 ਤੋਂ ਵੱਧ ਕੰਪਨੀਆਂ ਟਰੰਪ ਬ੍ਰਾਂਡ ਨਾਂਅ ਦੀ ਵਰਤੋਂ ਕਰਦੀਆਂ ਹਨ। ਇਸ ਦੀ ਸਥਾਪਨਾ ਟਰੰਪ ਦੀ ਦਾਦੀ ਏਲਿਜਾਬੇਥ ਕ੍ਰਾਇਸਟ ਟਰੰਪ ਅਤੇ ਪਿਤਾ ਫਰੇਡ ਟਰੰਪ ਨੇ ਈ ਟਰੰਪ ਐਂਡ ਸੰਜ਼ ਦੇ ਰੂਪ ਵਿੱਚ ਕੀਤੀ ਸੀ। ਕੰਪਨੀ ਦੀ ਸਾਲਾਨਾ ਕਮਾਈ ਲਗਭਗ 5,000 ਕਰੋੜ ਰੁਪਏ ਹੈ। ਪੁਣੇ 'ਚ ਟਰੰਪ ਟਾਵਰਸ ਕੰਪਲੈਕਸ ਦੇ ਕਰਮਚਾਰੀਆਂ ਨੇ ਕਿਹਾ ਹੈ ਕਿ ਉਸ ਨੇ ਵੀਹ ਲੱਖ ਡਾਲਰ ਕੀਮਤ ਦੇ ਜ਼ਿਆਦਾਤਰ ਫਲੈਟ ਖਾਲੀ ਪਏ ਹੋਏ ਹਨ ਤੇ ਉਨ੍ਹਾਂ ਦਾ ਕੋਈ ਗਾਹਕ ਨਹੀਂ ਹੈ। ਟਰੰਪ ਬਰਾਂਡ ਭਾਰਤੀ ਡਿਵੈਲਪਰਾਂ ਨੂੰ ਕਿਸੇ ਸਮੇਂ ਬਹੁਤ ਆਕਰਸ਼ਿਤ ਕਰਦਾ ਸੀ, ਪਰ ਅੱਜ ਇਹ ਟਰੰਪ ਬਰਾਂਡ ਵੀ ਦੇਸ਼ ਦੀ ਸਭ ਤੋਂ ਬੁਰੀ ਆਰਥਿਕ ਮੰਦੀ ਨਾਲ ਜੂਝ ਰਿਹਾ ਹੈ। ਟਰੰਪ ਟਾਵਰਸ ਦੇ ਅਧਿਕਾਰੀ ਤਰਕ ਦੇਂਦੇ ਹਨ ਕਿ ਵਪਾਰਕ ਮੰਦੀ ਕਾਰਨ ਭਾਵੇਂ ਉਨ੍ਹਾਂ ਨੂੰ ਨੁਕਸਾਨ ਹੋ ਰਿਹਾ ਹੈ, ਪਰ ਅਜੇ ਵੀ ਉਨ੍ਹਾਂ ਦਾ ਵਪਾਰ ਰੀਅਲ ਅਸਟੇਟ ਬਾਜ਼ਾਰ ਦੀਆਂ ਹੋਰ ਕੰਪਨੀਆਂ ਦੇ ਮੁਕਾਬਲੇ ਚੰਗੀ ਸਥਿਤੀ 'ਚ ਹੈ।

ਪੁਣੇ ਸਮੇਤ ਚਾਰ ਥਾਵਾਂ 'ਤੇ ਪੰਜ ਰਿਹਾਇਸ਼ੀ ਟਾਵਰਾਂ ਨੂੰ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੰਪ ਟਾਵਰ ਪੁਣੇ, ਜੋ ਕੁਝ ਸਾਲ ਪਹਿਲਾਂ ਮੁਕੰਮਲ ਕੀਤਾ ਗਿਆ, ਟਰੰਪ ਦੇ ਨਾਂਅ ਦੇ ਠੱਪੇ ਵਾਲਾ ਭਾਰਤ 'ਚ ਪਹਿਲਾ ਪ੍ਰੋਜੈਕਟ ਹੈ। ਅੱਜ ਸਥਿਤੀ ਇਹ ਹੈ ਕਿ ਇਸ ਦੀਆਂ 46 ਇਕਾਈਆਂ 'ਚੋਂ ਹਾਲੇ ਸਿਰਫ ਸੱਤ ਇਕਾਈਆਂ ਵਿਕੀਆਂ ਹਨ। ਰੀਅਲ ਅਸਟੇਟ ਕਾਰੋਬਾਰ ਦੀ ਹਾਲਤ ਇਸ ਸਮੇਂ ਇੰਨੀ ਬੁਰੀ ਹੈ ਕਿ ਪੁਣੇ ਵਿੱਚ ਟਰੰਪ ਪਰਵਾਰ ਦੇ ਭਾਈਵਾਲਾਂ ਨੇ ਕੰਪਲੈਕਸ ਵਿੱਚ ਲਗਜ਼ਰੀ ਫਲੈਟਾਂ 'ਚੋਂ ਅੱਧੇ ਤੋਂ ਵੱਧ ਨੂੰ ਫਿਲਹਾਲ ਨਾ ਵੇਚਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਦੀ ਲਾਗਤ ਦੂਜੀਆਂ ਜਾਇਦਾਦਾਂ ਦੇ ਮੁਕਾਬਲੇ ਲਗਭਗ 35 ਫੀਸਦੀ ਜ਼ਿਆਦਾ ਹੈ। ਪੁਣੇ, ਮੁੰਬਈ, ਕੋਲਕ-ਤਾ ਅਤੇ ਗੁਰੂਗ੍ਰਾਮ ਹਰ ਇੱਕ ਵਿੱਚ ਟਰੰਪ ਬ੍ਰਾਂਡ ਦੇ ਪ੍ਰੋਜੈਕਟ ਮੌਜੂਦ ਹਨ। ਕੋਲਕਾਤਾ ਅਤੇ ਗੁਰੂਗਰਾਮ ਵਿੱਚ ਕੰਪਨੀ ਦੇ ਅਧੂਰੇ ਪ੍ਰੋਜੈਕਟਾਂ ਦੇ ਡਿਵੈਲਪਰ ਕਲਪੇਸ਼ ਮਹਿਤਾ ਨੇ ਕਿਹਾ ਹੈ ਕਿ ਭਾਰਤ 'ਚ ਮੰਦੀ ਦੇ ਬਾਵਜੂਦ ਦੇਸ਼ ਵਿੱਚ ਲਗਜ਼ਰੀ ਰਿਹਾਇਸ਼ੀ ਫਲੈਟਾਂ 'ਚੋਂ ਟਰੰਪ ਬ੍ਰਾਂਡ ਲੋਕਪ੍ਰਿਯ ਹੈ।

## ਛੋਟਾ ਰਾਜਨ ਨੇ 1998 ਵਿੱਚ ਦਾਊਦ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ : ਲਕੜਾਵਾਲਾ

ਮੁੰਬਈ, 25 ਫਰਵਰੀ (ਪੋਸਟ ਬਿਊਰੋ)- ਗੈਂਗਸਟਰ ਏਜਾਜ ਲਕੜਾਵਾਲਾ ਨੇ ਮੁੰਬਈ ਪੁਲਸ ਨੂੰ ਦੱਸਿਆ ਹੈ ਕਿ ਛੋਟਾ ਰਾਜਨ ਦੇ ਬੰਦਿਆਂ ਨੇ 1998 ਵਿੱਚ ਭਗੌੜੇ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਨੂੰ ਜਾਨ ਤੋਂ ਮਾਰਨ ਦੀ ਸਾਜ਼ਿਸ਼ ਰਚੀ ਸੀ, ਪਰ ਉਹ ਸਫਲ ਨਹੀਂ ਸਨ ਹੋਏ। ਦੋ ਦਹਾਕਿਆਂ ਤੱਕ ਫਰਾਰ ਰਹੇ ਅਤੇ ਦਾਊਦ ਦੇ ਕਰੀਬੀ ਸਹਿਯੋਗੀ ਰਹੇ ਲਕੜਾਵਾਲਾ (50) ਨੇ ਉਸ ਦੇ ਖਿਲਾਫ ਦਰਜ ਜਬਰੀ ਵਸੂਲੀ ਅਤੇ ਹੱਤਿਆ ਦੀਆਂ ਕੋਸ਼ਿਸ਼ਾਂ ਦੇ ਮਾਮਲਿਆਂ ਵਿੱਚ ਪਿਛਲੇ ਮਹੀਨੇ ਗ੍ਰਿਫਤਾਰੀ ਪਿੱਛੋਂ ਮੁੰਬਈ ਪੁਲਸ ਦੇ ਅਪਰਾਧ ਸੈੱਲ ਦੀ ਪੁੱਛਗਿੱਛ ਦੌਰਾਨ ਇਹ ਗੱਲ ਦੱਸੀ ਹੈ।

ਲਕੜਾਵਾਲਾ ਨੇ ਪੁਲਸ ਨੂੰ ਦੱਸਿਆ ਕਿ ਦਾਊਦ ਇਬਰਾਹੀਮ ਨੂੰ ਮਾਰਨ ਦੀ ਅਸਫਲ ਕੋਸ਼ਿਸ਼ ਪਿੱਛੋਂ ਛੋਟਾ ਸ਼ਕੀਲ ਦੇ ਬੰਦਿਆਂ ਨੇ ਉਸ ਉੱਤੇ ਅਤੇ ਗੈਂਗਸਟਰ ਛੋਟਾ ਰਾਜਨ ਉੱਤੇ ਹਮਲਾ ਕੀਤਾ ਸੀ। ਅਪਰਾਧ ਸੈੱਲ ਦੇ ਇੱਕ ਸੂਤਰ ਨੇ ਦੱਸਿਆ ਕਿ ਛੋਟਾ ਰਾਜਨ ਦੇ ਕੁਝ ਕਰੀਬੀ ਸਾਥੀਆਂ ਨੇ ਭਾਰਤੀ ਏਜੰਸੀਆਂ ਨਾਲ ਮਿਲ ਕੇ 1998 ਵਿੱਚ ਕਰਾਚੀ ਵਿੱਚ ਦਾਊਦ ਇਬਰਾਹੀਮ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ। ਦਾਊਦ ਨੂੰ ਮਾਰਨ ਲਈ ਟੀਮ ਕਰਾਚੀ ਗਈ ਸੀ, ਪਰ ਸਫਲ ਨਹੀਂ ਹੋਈ। ਉਸ ਸਮੇਂ ਦਾਊਦ ਨੇ ਕਰਾਚੀ ਵਿੱਚ ਉਸ ਦੀ ਬੇਟੀ ਮਾਰੀਆ ਦੀ ਮੌਤ ਦੇ ਬਾਅਦ ਇੱਕ ਦਰਗਾਹ 'ਤੇ ਜਾਣਾ ਸੀ।

ਇਸ ਸੂਤਰ ਨੇ ਦੱਸਿਆ ਕਿ ਵਿੱਕੀ ਮਲਹੋਤਰਾ ਅਤੇ ਹੋਰ ਲੋਕ ਉਸ ਦੀ ਉਡੀਕ ਕਰ ਰਹੇ ਸਨ, ਪਰ ਦਾਊਦ ਨੇਪਾਲ ਦੇ ਇੱਕ ਪਾਰਲੀਮੈਂਟ ਮੈਂਬਰ ਤੋਂ ਇਸ ਬਾਰੇ ਸੂਚਨਾ ਮਿਲਣ ਦੇ ਬਾਅਦ ਸਖਤ ਸੁਰੱਖਿਆ ਨਾਲ ਦਰਗਾਹ ਆਇਆ ਸੀ। ਜਦ ਟੀਮ ਉਸ ਫਲੈਟ ਉਤੇ ਪਹੁੰਚੀ ਜਿੱਥੇ ਉਹ ਟੀਮ ਠਹਿਰੀ ਸੀ ਤਾਂ ਛੋਟਾ ਰਾਜਨ ਨੇ ਉਨ੍ਹਾਂ ਨੂੰ ਫੌਰਨ ਨਿਕਲਣ ਨੂੰ ਕਿਹਾ, ਕਿਉਂਕਿ ਦਾਊਦ ਨੂੰ ਆਪਰੇਸ਼ਨ ਦੀ ਸੂਹ ਮਿਲ ਗਈ ਸੀ। ਬਾਅਦ ਵਿੱਚ ਮਲਹੋਤਰਾ ਨੇ ਨੇਪਾਲੀ ਪਾਰਲੀਮੈਂਟ ਨੂੰ ਮਾਰ ਦਿੱਤਾ ਸੀ ਅਤੇ ਦਾਊਦ ਇਬਰਾਹੀਮ ਦੇ ਕਰੀਬੀ ਸਹਿਯੋਗੀ ਮੁੰਨਾ ਝਿੰਗਾੜਾ ਉਰਫ ਸੈਯਦ ਮੁਦੱਸਰ ਹੁਸੈਨ ਨੇ 2000 ਵਿੱਚ ਛੋਟਾ ਰਾਜਨ 'ਤੇ ਹਮਲਾ ਕੀਤਾ ਸੀ।

## ਵਾਰਤਾਕਾਰਾਂ ਨੇ ਸ਼ਾਹੀਨ ਬਾਗ਼ ਬਾਰੇ ਸੀਲਬੰਦ ਰਿਪੋਰਟ ਕੋਰਟ ਨੂੰ ਸੌਂਪੀ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਸ਼ਾਹੀਨ ਬਾਗ 'ਚ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਗੱਲਬਾਤ ਕਰਨ ਲਈ ਸੁਪਰੀਮ ਕੋਰਟ ਵੱਲੋਂ ਨਿਯੁਕਤ ਕੀਤੇ ਵਾਰਤਾਕਾਰਾਂ ਨੇ ਆਪਣੀ ਰਿਪੋਰਟ ਸੀਲਬੰਦ ਲਿਫ਼ਾਫ਼ੇ 'ਚ ਅਦਾਲਤ ਨੂੰ ਸੌਂਪ ਦਿੱਤੀ ਹੈ। ਸੁਪਰੀਮ ਕੋਰਟ ਇਸ ਰਿਪੋਰਟ ਦੀ ਘੋਖ ਕਰਨ ਤੋਂ ਬਾਅਦ 26 ਫਰਵਰੀ ਨੂੰ ਇਸ ਮਾਮਲੇ ਦੀ ਅਗਲੀ ਸੁਣਵਾਈ ਕਰੇਗੀ।

ਅਦਾਲਤ ਨੇ ਇਸ ਸੀਲਬੰਦ ਰਿਪੋਰਟ ਦੀ ਕਾਪੀ ਨਾ ਪਟੀਸ਼ਨਕਰਤਾਵਾਂ ਨੂੰ, ਨਾ ਕੇਂਦਰ ਸਰਕਾਰ ਅਤੇ ਨਾ ਦਿੱਲੀ ਪੁਲਸ ਦਾ ਪੱਖ ਰੱਖਣ ਵਾਲੇ ਵਕੀਲ ਨੂੰ ਦਿੱਤੀ ਹੈ। ਜਸਟਿਸ ਐਸ ਕੇ ਕੌਲ ਅਤੇ ਜਸਟਿਸ ਕੇ ਐਮ ਜੋਸੇਫ਼ ਦੀ ਬੈਂਚ ਨੇ ਇਹ ਕਹਿ ਕੇ ਰਿਪੋਰਟ ਦੀ ਕਾਪੀ ਦੇਣ ਦੀ ਮੰਗ ਰੱਦ ਕਰ ਦਿੱਤੀ ਕਿ ਉਹ ਪਹਿਲਾਂ ਆਪ ਇਸ ਰਿਪੋਰਟ ਦਾ ਅਧਿਐਨ ਕਰਨਗੇ। ਵਰਨਣ ਯੋਗ ਹੈ ਕਿ ਸ਼ਾਹੀਨ ਬਾਗ਼ ਦੇ ਪ੍ਰਦਰਸ਼ਨਕਾਰੀਆਂ ਨਾਲ ਗੱਲ ਕਰਕੇ ਰਸਤਾ ਖੁੱਲ੍ਹਵਾਉਣ ਲਈ ਸੁਪਰੀਮ ਕੋਰਟ ਨੇ ਸੀਨੀਅਰ ਵਕੀਲ ਸੰਜੇ ਹੇਗੜੇ ਅਤੇ ਸਾਧਨਾਂ ਰਾਮਚੰਦਰਨ ਨੂੰ ਉਨ੍ਹਾਂ ਨਾਲ ਚਰਚਾ ਕਰਨ ਦੇ ਲਈ ਕਿਹਾ ਸੀ। ਇਨ੍ਹਾਂ ਵਾਰਤਾਕਾਰਾਂ ਵੱਲੋਂ ਚਾਰ ਦਿਨਾਂ ਤੱਕ ਸ਼ਾਹੀਨ ਬਾਗ਼ ਜਾ ਕੇ ਗੱਲਬਾਤ ਕੀਤੀ ਗਈ, ਪਰ ਇਹ ਚਰਚਾ ਬੇਸਿੱਟਾ ਰਹੀ ਅਤੇ ਪ੍ਰਦਰਸ਼ਨਕਾਰੀਆਂ ਨੇ ਉਥੋਂ ਦੀ ਸੁਰੱਖਿਆ ਹੋਰ ਮਜ਼ਬੂਤ ਕਰਨ ਦੀ ਮੰਗ ਕੀਤੀ ਹੈ।



## ਰਾਸ਼ਟਰਪਤੀ ਦੌੜ 'ਚ ਸ਼ਾਮਲ ਵਾਰੇਨ ਦਾ ਦਾਮਾਦ ਹੈ ਭਾਰਤੀ

ਲਾਸ ਏਂਜਲਸ, 25 ਫਰਵਰੀ (ਪੋਸਟ ਬਿਊਰੋ)- ਮੈਸਾਚੁਏਟਸ ਦੀ ਸੈਨਟਰ ਤੇ ਡੈਮੋਕ੍ਰਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰੀ ਦੀ ਦਾਅਵੇਦਾਰ ਐਲਿਜ਼ਾਬੈਂਥ ਵਾਰੇਨ ਦੇ ਭਾਰਤੀ ਕੁਨੈਕਸ਼ਨ ਦਾ ਪਤਾ ਲੱਗਾ ਹੈ।

ਵਾਰੇਨ ਦੀ ਧੀ ਅਮੇਲਿਆ ਦੀ ਵਿਆਹ ਸੁਸ਼ੀਲ ਤਿਆਗੀ ਨਾਲ ਹੋਇਆ ਹੈ। ਸੁਸ਼ੀਲ ਆਈ ਆਈ ਟੀ ਦਿੱਲੀ ਤੋਂ ਗ੍ਰੈਜੂਏਟ ਹੈ ਤੇ ਉਨ੍ਹਾਂ ਦੀ ਮਾਂ ਹਾਲੇ ਵੀ ਦੇਹਰਾਦੂਨ ਵਾਲੇ ਘਰ 'ਚ ਰਹਿੰਦੀ ਹੈ। ਮਰੀਨ ਰੋਬੋਟਿਕਸ ਦੇ ਮਾਹਰ ਸੁਸ਼ੀਲ ਨੇ ਆਪਣੇ ਟਵਿਟਰ ਅਕਾਊਂਟ ਉਤੇ ਵਾਰੇਨ ਨਾਲ ਇੱਕ ਪਰਵਾਰਕ ਤਸਵੀਰ ਪੋਸਟ ਕੀਤੀ ਹੈ। ਲਾਸ ਏਂਜਲਿਸ ਟਾਊਨ ਹਾਲ ਦੀ ਇਸ ਤਸਵੀਰ 'ਚ ਸੁਸ਼ੀਲ ਅਤੇ ਅਮੇਲਿਆ ਦੇ ਬੱਚੇ ਆਪਣੀ ਨਾਨੀ ਨਾਲ ਦਿਸ ਰਹੇ ਹਨ। ਫੋਟੋ ਦੇ ਹੇਠਾਂ ਲਿਖਿਆ ਹੈ, ਅਲਿਜ਼ਾਬੈਥ ਵਾਰੇਨ, ਅਟਿਕਸ, ਲਾਵਿਨਿਆ, ਆਕੋਟਾਵਿਆ, ਅਮੇਲਿਆ ਵਾਰੇਨ ਤਿਆਗੀ ਅਤੇ ਸੁਸ਼ੀਲ ਤਿਆਗੀ। ਤਿੰਨ ਪੋਤੇ-ਪੋਤੀਆਂ ਦੀ ਦਾਦੀ ਵਾਰੇਨ ਕਈ ਪਰਿਵਾਰਕ ਮੌਕਿਆਂ 'ਤੇ ਭਾਰਤ ਆ ਚੁੱਕੀ ਹੈ ਤੇ ਉੱਤਰ ਪ੍ਰਦੇਸ਼ 'ਚ ਰਿਸ਼ਤੇਦਾਰਾਂ ਨੂੰ ਮਿਲੀ ਹੈ। ਸੁਸ਼ੀਲ ਯੂਰਸੀ ਬਰਕਲੇ ਤੋਂ ਮੂਰੀਨ ਇੰਜੀਨੀਅਰਿੰਗ ਤੋਂ ਪੋਸਟ ਗ੍ਰੈਜੂਏਟ ਹੋਣ ਦੇ ਨਾਲ ਹੀ ਵ੍ਹਾਟਰਨ ਬਿਜਨੈਸ ਸਕੂਲ ਤੋਂ ਐਮ ਬੀ ਏ ਹੈ।

### ਮਹਿੰਗਾਈ ਦਾ ਇਲਾਜ :

## ਪਾਕਿ ਸਰਕਾਰ ਔਰਤਾਂ ਨੂੰ ਘਰ ਚਲਾਉਣ ਲਈ ਇੱਕ-ਇੱਕ ਗਾਂ, ਮੱਝ ਤੇ ਤਿੰਨ ਬੱਕਰੀਆਂ ਦੇਵੇਗੀ

ਇਸਲਾਮਾਬਾਦ, 25 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਛਪਦੇ ਉਰਦੂ ਅਖਬਾਰਾਂ ਵਿੱਚ ਵਧਦੀ ਮਹਿੰਗਾਈ, ਕਸ਼ਮੀਰ ਮੁੱਦਾ ਭਾਰਤ ਦਾ ਨਾਗਰਿਕਤਾ ਸੋਧ ਕਾਨੂੰਨ ਅਤੇ ਯੂ ਐੱਨ ਸੈਕਟਰੀ ਜਨਰਲ ਦਾ ਪਾਕਿਸਤਾਨ ਦੌਰਾ ਵਰਗੇ ਮੁੱਦੇ ਸੁਰਖੀਆਂ ਵਿੱਚ ਹਨ, ਪਰ ਇਸ ਦੌਰਾਨ ਦੇਸ਼ ਵਿੱਚ ਵਧੀ ਮਹਿੰਗਾਈ ਦੀ ਰੋਕਥਾਮ ਕਰਨ ਲਈ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਰਕਾਰ ਨੇ ਇੱਕ ਅਜੀਬੋ-ਗਰੀਬ ਫੈਸਲਾ ਲੈ ਲਿਆ ਹੈ।

ਇੱਕ ਅਖਬਾਰ ਦੇ ਮੁਤਾਬਕ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਔਰਤਾਂ ਨੂੰ ਘਰ ਚਲਾਉਣ ਦੇ ਲਈ ਇੱਕ-ਇੱਕ ਗਾਂ, ਮੱਝ ਤੇ ਤਿੰਨ ਬੱਕਰੀਆਂ ਦਿੱਤੀਆਂ ਜਾਣਗੀਆਂ। ਇਮਰਾਨ ਖਾਨ ਨੇ 'ਮੇਰਾ ਕਾਰੋਬਾਰ, ਮੇਰੀ ਆਮਦਨੀ' ਨਾਂਅ ਦੇ ਪ੍ਰੋਗਰਾਮ ਦੇ ਉਦਘਾਟਨ ਦੌਰਾਨ ਇਸ ਗੱਲ ਦਾ ਐਲਾਨ ਕੀਤਾ। ਬੀ ਬੀ ਸੀ ਦੀ ਰਿਪੋਰਟ ਮੁਤਾਬਕ ਪਾਕਿਸਤਾਨ ਇਨ੍ਹੀਂ ਦਿਨੀਂ ਬਹੁਤ ਗੰਭੀਰ ਆਰਥਿਕ ਸੰਕਟ ਤੋਂ ਲੰਘ ਰਿਹਾ ਹੈ। ਮਹਿੰਗਾਈ ਰੋਜ਼ ਵਧੀ ਜਾਂਦੀ ਹੈ। ਇਸ ਨਾਲ ਨਜਿੱਠਣ ਲਈ ਸਰਕਾਰ ਨੇ ਕਈ ਕਦਮ ਚੁੱਕੇ ਹਨ ਅਤੇ ਇਹ ਉਸੇ ਦਾ ਇੱਕ ਹਿੱਸਾ ਹੈ। ਇਮਰਾਨ ਖਾਨ ਨੇ ਦਾਅਵਾ ਕੀਤਾ ਹੈ ਕਿ ਦੇਸ਼ ਮੁਸ਼ਕਲ ਦੌਰ 'ਚੋਂ ਨਿਕਲ ਚੁੱਕਾ ਹੈ, ਪਰ ਅਜੇ ਵੱਡੀ ਚੁਣੌਤੀਆਂ ਦਾ ਸਾਹਮਣਾ ਕਰਨਾ ਹੈ। 'ਮੇਰਾ ਕਾਰੋਬਾਰ, ਮੇਰੀ ਆਮਦਨੀ' ਪ੍ਰੋਗਰਾਮ ਦੇ ਦੌਰਾਨ ਇਮਰਾਨ ਖਾਨ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ 'ਤੇ ਫਬਤੀ ਕੱਸਦੇ ਹੋਏ ਕਿਹਾ, 'ਉਹ ਕੌਮਾਂ ਤਬਾਹ ਹੋ ਜਾਂਦੀਆਂ ਹਨ, ਜਿੱਥੇ ਵੱਡੇ ਚੋਰ ਲੰਡਨ ਚਲੇ ਜਾਣ ਅਤੇ ਛੋਟੇ ਚੋਰ ਫੜੇ ਜਾਣ।'





## ਚੀਨ ਵਿੱਚ ਨਾਜਾਇਜ਼ ਤਰੀਕੇ ਵਿਦੇਸ਼ੀ ਸੂਚਨਾ ਦੇਣ ਵਾਲੀ ਸਵੀਡਨ ਦੀ ਪ੍ਰਕਾਸ਼ਕ ਨੂੰ ਜੇਲ੍ਹ

ਬੀਜਿੰਗ, 25 ਫਰਵਰੀ (ਪੋਸਟ ਬਿਊਰੋ)- ਚੀਨ ਵਿਚ ਲੋਕਾਂ ਨੂੰ ਨਾਜਾਇਜ਼ ਤੌਰ ਉੱਤੇ ਵਿਦੇਸ਼ੀ ਸੂਚਨਾ ਦੇਣ ਦੇ ਦੋਸ਼ ਵਿਚ ਸਵੀਡਨ ਦੀ ਪ੍ਰਕਾਸ਼ਕ ਗੁਈ ਮਿਨਹਾਈ ਨੂੰ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।




ਅਸਲ ਵਿੱਚ ਚੀਨ ਵਿਚ ਪੈਦਾ ਹੋਈ ਗੁਈ ਮਿਨਹਾਈ ਨੂੰ 2018 ਵਿਚ ਪੁਲਿਸ ਨੇ ਓਦੋਂ ਗ੍ਰਿਫ਼ਤਾਰ ਕੀਤਾ ਸੀ ਜਦੋਂ ਉਹ ਸਵੀਡਨ ਦੇ ਡਿਪਲੋਮੈਟਾਂ ਦੇ ਨਾਲ ਸੀ। ਉਨ੍ਹਾਂ ਦੀ ਗ੍ਰਿਫ਼ਤਾਰੀ ਕਾਰਨ ਚੀਨ ਅਤੇ ਸਵੀਡਨ ਵਿਚ ਤਣਾਅ ਵੀ ਦੇਖਣ ਨੂੰ ਮਿਲਿਆ ਸੀ। ਗੁਈ ਮਿਨਹਾਈ ਪਹਿਲੇ ਹਾਂਗਕਾਂਗ ਵਿਚ ਰਹਿੰਦੀ ਸੀ, ਪ੍ਰੰਤੂ ਬਾਅਦ ਵਿਚ ਚੀਨ ਆ ਗਈ ਅਤੇ ਅਜਿਹੀਆਂ ਕਿਤਾਬਾਂ ਦੀ ਵਿਕਰੀ ਕੀਤੀ, ਜਿਨ੍ਹਾਂ ਵਿਚ ਚੀਨੀ ਲੀਡਰਸ਼ਿਪ ਦੀ ਆਲੋਚਨਾ ਹੁੰਦੀ ਸੀ। ਸਵੀਡਨ ਦੇ ਵਿਦੇਸ਼ ਮੰਤਰਾਲੇ ਨੇ ਉਨ੍ਹਾਂ ਦੀ ਰਿਹਾਈ ਲਈ ਕਿਹਾ ਤਾਂ ਚੀਨੀ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਚੀਨ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਬਰਦਾਸ਼ਤ ਨਹੀਂ ਕੀਤਾ ਜਾਏਗਾ।

ਪੂਰਬੀ ਚੀਨ ਦੇ ਨਿੰਗਬੋ ਸ਼ਹਿਰ ਦੀ ਅਦਾਲਤ ਨੇ ਸੋਮਵਾਰ ਗੁਈ ਨੂੰ ਸਜ਼ਾ ਸੁਣਾਈ ਹੈ। ਸਾਲ 2018 ਵਿਚ ਉਨ੍ਹਾਂ ਦੀ ਚੀਨੀ ਨਾਗਰਿਕਤਾ ਬਹਾਲ ਕਰ ਦਿੱਤੀ ਗਈ ਸੀ, ਪ੍ਰੰਤੂ ਅਜੇ ਇਹ ਸਾਫ਼ ਨਹੀਂ ਹੋ ਸਕਿਆ ਕਿ ਉਨ੍ਹਾਂ ਨੇ ਸਵੀਡਨ ਦੀ ਨਾਗਰਿਕਤਾ ਛੱਡੀ ਹੈ ਜਾਂ ਨਹੀਂ। ਅਕਤੂਬਰ ਤੋਂ ਦਸੰਬਰ 2015 ਦੌਰਾਨ 55 ਸਾਲਾ ਗੁਈ ਹਾਂਗਕਾਂਗ ਤੋਂ ਗ਼ਾਇਬ ਹੋ ਗਈ ਸੀ। ਫਿਰ ਉਹ ਚੀਨ ਵਿਚ ਦਿਖਾਈ ਦਿੱਤੀ। ਉਸ ਦੌਰਾਨ ਚੀਨ ਦੀ ਸਿਆਸੀ ਲੀਡਰਸ਼ਿਪ ਬਾਰੇ ਕਈ ਕਿਤਾਬਾਂ ਪ੍ਰਕਾਸ਼ਿਤ ਹੋਈਆਂ, ਜੋ ਹਾਂਗਕਾਂਗ ਵਿਚ ਖ਼ੂਬ ਚਰਚਿਤ ਹੋਈਆਂ ਸਨ। ਇਨ੍ਹਾਂ ਕਿਤਾਬਾਂ ਉੱਤੇ ਚੀਨ ਵਿਚ ਰੋਕ ਲਾਈ ਗਈ ਸੀ।

## ਮੰਦਰ 'ਚੋਂ ਚੋਰੀ ਹੋਈ ਮੂਰਤੀ ਬ੍ਰਿਟਿਸ਼ ਮਿਊਜ਼ੀਅਮ 'ਚ ਮਿਲੀ

ਲੰਡਨ, 25 ਫਰਵਰੀ (ਪੋਸਟ ਬਿਊਰੋ)- ਭਾਰਤ ਨੇ ਤਾਮਿਲਨਾਡੂ ਦੇ ਮੰਦਰ ਵਿੱਚੋਂ ਚੋਰੀ ਹੋਣੀ 15ਵੀਂ ਸ਼ਤਾਬਦੀ ਦੀ ਸੰਤ ਤਿਰੂਮੰਕਾਈ ਅਲਵਾਰ ਦੀ ਮੂਰਤੀ ਨੂੰ ਵਾਪਸ ਕਰਨ ਲਈ ਬ੍ਰਿਟੇਨ ਸਰਕਾਰ ਨੂੰ ਬੇਨਤੀ ਕੀਤੀ ਹੈ। ਕਾਂਸੇ ਦੀ ਬਣੀ ਇਹ ਮੂਰਤੀ ਇਸ ਸਮੇਂ ਆਕਸਫੋਰਡ ਯੂਨੀਵਰਸਿਟੀ ਦੇ ਮਿਊਜ਼ੀਅਮ ਵਿੱਚ ਹੈ।



ਪਤਾ ਲੱਗਾ ਹੈ ਕਿ ਆਕਸਫੋਰਡ ਯੂਨੀਵਰਸਿਟੀ ਦੇ ਐਸ਼ਮੋਲੀਅਨ ਮਿਊਜ਼ੀਅਮ ਨੂੰ ਇਹ ਮੂਰਤੀ ਸੋਥਬੀ ਆਕਸ਼ਨ ਹਾਊਸ ਦੇ ਰਾਹੀਂ 1967 ਵਿੱਚ ਮਿਲੀ ਸੀ। ਸੋਥਬੀ ਨੇ ਇਸ ਨੂੰ ਜੇਅਰ ਬੇਲਮਾਂਟ ਦੇ ਸੰਗ੍ਰਹਿ ਤੋਂ ਲੈ ਕੇ ਨਿਲਾਮ ਕੀਤਾ ਸੀ। ਮਿਊਜ਼ੀਅਮ ਨੇ ਦੱਸਿਆ ਕਿ ਪ੍ਰਾਚੀਨ ਮੂਰਤੀ ਦੇ ਵਿਸ਼ੇ ਵਿੱਚ ਨਵੰਬਰ 2019 ਵਿੱਚ ਇੱਕ ਆਜ਼ਾਦ ਖੋਜੀ ਨੇ ਖ਼ਦਸ਼ਾ ਪ੍ਰਗਟ ਕੀਤਾ ਸੀ। ਇਸ ਤੋਂ ਬਾਅਦ ਭਾਰਤੀ ਹਾਈ ਕਮਿਸ਼ਨ ਨੇ ਮੂਰਤੀ ਦੇ ਬਾਰੇ ਯੂਨੀਵਰਸਿਟੀ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ। ਕੱਲ੍ਹ ਮਿਊਜ਼ੀਅਮ ਨੇ ਬਿਆਨ ਜਾਰੀ ਕੀਤਾ ਕਿ ਜਾਂਚ ਵਿੱਚ ਪਤਾ ਲੱਗਾ ਕਿ ਇੰਸਟੀਚਿਊਟ ਫ੍ਰੈਂਕਾਈਸ ਡੀ ਪਾਂਡੇਚੇਰੀ ਐਂਡ ਦ ਇਕੋਲ ਫ੍ਰੈਂਕਾਈਸ਼ ਡੀ ਐਕਸਟ੍ਰੀਮ-ਓਰੀਐਂਟ (ਆਈ ਐਫ ਪੀ-ਈ ਐਫ ਈ ਓ) ਫੋਟੋ ਸੰਗ੍ਰਹਿ ਤੋਂ ਪਤਾ ਲੱਗਦਾ ਹੈ ਕਿ ਤਾਮਿਲਨਾਡੂ ਦੇ ਸ੍ਰੀ ਸੁੰਦਰਰਾਜਾ ਪੇਰੂਮਲ ਕੋਵਿਲ ਦੇ ਮੰਦਰ ਵਿੱਚ 1957 ਵਿੱਚ ਸੰਤ ਦੀ ਅਜਿਹੀ ਹੀ ਕਾਂਸੇ ਦੀ ਮੂਰਤੀ ਸੀ। ਮਿਊਜ਼ੀਅਮ ਪ੍ਰਸ਼ਾਸਨ ਨੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨਰ ਨੂੰ ਬੀਤੀ 16 ਦਸੰਬਰ ਨੂੰ ਮੂਰਤੀ ਦੇ ਚੋਰੀ ਹੋਣ ਦਾ ਪੁਲਸ ਰਿਕਾਰਡ ਅਤੇ ਕਾਰਵਾਈ ਦੀ ਜਾਣਕਾਰੀ ਦੇਣ ਦੀ ਬੇਨਤੀ ਕੀਤੀ। ਇਸ ਜਾਣਕਾਰੀ ਤੋਂ ਸਾਬਤ ਹੋਵੇਗਾ ਕਿ ਮਿਊਜ਼ੀਅਮ ਵਿੱਚ ਰੱਖੀ ਸੰਤ ਦੀ ਮੂਰਤੀ ਉਹੀ ਹੈ ਜਿਹੜੀ ਤਾਮਿਲਨਾਡੂ ਦੇ ਮੰਦਰ ਵਿੱਚ ਸੀ।

ਲੰਡਨ 'ਚ ਭਾਰਤੀ ਹਾਈ ਕਮਿਸ਼ਨਰ ਰੁਚੀ ਘਨਸ਼ਿਆਮ ਨੇ ਮਿਊਜ਼ੀਅਮ ਦੀ ਸਰਗਰਮੀ ਨੂੰ ਸਵੀਕਾਰ ਕਰਦੇ ਹੋਏ ਮੂਰਤੀ ਦੇ ਬਾਰੇ ਸਾਰੀ ਜਾਣਕਾਰੀ ਭੇਜਣ ਲਈ ਭਾਰਤ ਵਿਚਲੇ ਅਧਿਕਾਰੀਆਂ ਨੂੰ ਕਿਹਾ ਹੈ। ਹਾਈ ਕਮਿਸ਼ਨ ਦੇ ਫਸਟ ਸੈਕਟਰੀ (ਵਪਾਰ) ਰਾਹੁਲ ਨਾਨਗੇਰੇ ਨੇ ਦੱਸਿਆ ਕਿ ਪੂਰੇ ਮਾਮਲੇ ਦੀ ਜਾਂਚ ਤੋਂ ਬਾਅਦ ਪਤਾ ਲੱਗਾ ਹੈ ਕਿ ਤਾਮਿਲਨਾਡੂ ਦੇ ਮੰਦਰ ਤੋਂ ਮੂਰਤੀ ਚੋਰੀ ਹੋਈ ਸੀ।

## ਵਿਸ਼ਵ ਭਰ 'ਚ ਮਨੁੱਖੀ ਅਧਿਕਾਰਾਂ ਉੱਤੇ ਹੋ ਰਹੇ ਨੇ ਹਮਲੇ: ਗੁਟਰੇਸ



ਜਨੇਵਾ, 25 ਫਰਵਰੀ (ਪੋਸਟ ਬਿਊਰੋ)- ਯੂ ਐਨ ਸੈਕਟਰੀ ਜਨਰਲ ਐਂਟੋਨੀਓ ਗੁਟਰੇਸ ਨੇ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ 'ਤੇ ਵਧਦੇ ਹਮਲਿਆਂ 'ਤੇ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਨੇ ਇਨ੍ਹਾਂ ਹਮਲਿਆਂ ਨੂੰ ਘੱਟ ਕਰਨ ਲਈ 'ਕਾਲ ਟੂ ਐਕਸ਼ਨ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ, ਜਿਹੜਾ ਘੱਟ ਗਿਣਤੀਆਂ ਅਤੇ ਔਰਤਾਂ ਦਾ ਸ਼ੋਸ਼ਣ ਰੋਕਣ 'ਚ ਮਦਦ ਕਰੇਗਾ ਅਤੇ ਇਸ ਤੋਂ ਚੋਖੀ ਆਸ ਕੀਤੀ ਜਾ ਰਹੀ ਹੈ।

ਜਨੇਵਾ ਵਿੱਚ ਯੂ ਐਨ ਮਨੁੱਖੀ ਅਧਿਕਾਰ ਕੌਂਸਲ ਦੇ ਮੁੱਖ ਸਾਲਾਨਾ ਸੈਸ਼ਨ ਦੌਰਾਨ ਜਨਰਲ ਸਕੱਤਰ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ 'ਤੇ ਹਮਲਾ ਹੋ ਰਿਹਾ ਹੈ। ਉਨ੍ਹਾਂ ਨੇ ਦੁਨੀਆ 'ਚ ਰਾਜਨੀਤਕ ਧਰੁਵੀਕਰਨ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਨਾਲ ਲੋਕਾਂ 'ਚ ਡਰ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਖ਼ਰਾਬ ਰਾਜਨੀਤੀ ਹੈ। ਵੋਟਰਾਂ ਨੂੰ ਵੰਡਣ ਲਈ ਅਜਿਹਾ ਕਈ ਦੇਸ਼ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਕਾਨੂੰਨ ਦਾ ਸ਼ਾਸਨ ਸਮਾਪਤ ਹੋ ਰਿਹਾ ਹੈ।

ਗੁਟਰੇਸ ਨੇ ਸਰਕਾਰਾਂ, ਪਾਰਲੀਮੈਂਟ ਮੈਂਬਰਾਂ, ਨਿੱਜੀ ਖੇਤਰ, ਨਾਗਰਿਕ ਸਮਾਜ ਅਤੇ ਹਰ ਜਗ੍ਹਾ ਲੋਕਾਂ ਲਈ ਯੂ ਐਨ ਦੇ ਸਿਸਟਮ 'ਕਾਲ ਟੂ ਐਕਸ਼ਨ' ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਸੱਤ ਖੇਤਰਾਂ ਦਾ ਵਰਨਣ ਕੀਤਾ, ਜਿਥੇ ਉਨ੍ਹਾਂ ਨੇ ਕਿਹਾ ਕਿ ਠੋਸ ਕਾਰਵਾਈ ਦੀ ਜ਼ਰੂਰਤ ਹੈ। ਇਸ ਵਿੱਚ ਔਰਤਾਂ ਅਤੇ ਲੜਕੀਆਂ ਖ਼ਿਲਾਫ਼ ਹਿੰਸਾ ਨੂੰ ਰੋਕਣ ਦੇ ਯਤਨਾਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਗੁਟਰੇਸ ਨੇ ਕਿਹਾ ਕਿ ਔਰਤਾਂ ਦੇ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਰਾਜਨੀਤਕ ਲੀਡਰਸ਼ਿਪ ਦੀਆਂ ਭੂਮਿਕਾਵਾਂ, ਸ਼ਾਂਤੀ ਪ੍ਰਕਿਰਿਆ ਅਤੇ ਆਰਥਿਕ ਪੱਖ ਤੋਂ ਔਰਤਾਂ ਦੀ ਹਿੱਸੇਦਾਰੀ 'ਚ ਲਗਾਤਾਰ ਅੜਿੱਕੇ ਦੇਖ ਰਹੇ ਹਾਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲਿੰਗਕ ਸਮਾਨਤਾ ਦੀ ਦਿਸ਼ਾ ਵਿੱਚ ਕੰਮ ਹੋ ਰਿਹਾ ਹੈ ਅਤੇ ਇਸ ਸਾਲ ਇੱਕ ਜਨਵਰੀ ਤੱਕ ਯੂ ਐਨ ਨੇ ਸਾਡੇ ਉਚਤਮ ਦਰਜੇ 'ਚ ਲਿੰਗਕ ਸਮਾਨਤਾ ਹਾਸਲ ਕੀਤੀ ਹੈ।

## ਨਿਸ਼ਾਨੇਬਾਜ਼ੀ ਤੇ ਤੀਰਅੰਦਾਜ਼ੀ ਦੀ ਮੇਜ਼ਬਾਨੀ ਭਾਰਤ ਕਰੇਗਾ

ਲੰਡਨ, 25 ਫਰਵਰੀ (ਪੋਸਟ ਬਿਊਰੋ)- ਭਾਰਤ ਕਾਮਨਵੈਲਥ ਨਿਸ਼ਾਨੇਬਾਜ਼ੀ ਤੇ ਤੀਰਅੰਦਾਜ਼ੀ ਚੈਂਪੀਅਨਸ਼ਿਪ ਦੀ ਅਗਲੀ ਮੇਜ਼ਬਾਨੀ ਜਨਵਰੀ 2022 ਵਿੱਚ ਚੰਡੀਗੜ੍ਹ ਵਿੱਚ ਕਰੇਗਾ ਤੇ ਬਰਮਿੰਘਮ ਵਿੱਚ ਹੋ ਰਹੀਆਂ ਖੇਡਾਂ ਵਿੱਚ ਇਸ ਦੇ ਮੈਡਲਾਂ ਨੂੰ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ ਦੀ ਰੈਂਕਿੰਗ ਲਈ ਸ਼ਾਮਲ ਕੀਤਾ ਜਾਵੇਗਾ।

ਕਾਮਨਵੈਲਥ ਖੇਡ ਫੈਡਰੇਸ਼ਨ (ਸੀ ਜੀ ਐਫ) ਨੇ ਇਸ ਬਾਰੇ ਕਿਹਾ ਕਿ ਇਨ੍ਹਾਂ ਦੋਵਾਂ ਮੁਕਾਬਲਿਆਂ ਦੇ ਮੈਡਲਾਂ ਨੂੰ ਕਾਮਨਵੈਲਥ ਖੇਡਾਂ ਦੇ ਸਮਾਪਤੀ ਸਮਾਗਮ ਦੇ ਇੱਕ ਹਫ਼ਤੇ ਬਾਅਦ ਆਖ਼ਰੀ ਸੂਚੀ ਵਿੱਚ ਜੋੜਿਆਂ ਜਾਵੇਗਾ। ਸੀ ਜੀ ਐਫ ਨੇ ਇਥੇ 21 ਤੋਂ 23 ਫਰਵਰੀ ਤੱਕ ਚੱਲੀ ਕਾਰਜਕਾਰੀ ਬੋਰਡ ਦੀ ਮੀਟਿੰਗ ਵਿੱਚ ਇਹ ਫ਼ੈਸਲਾ ਕੀਤਾ। ਇਸ ਫ਼ੈਸਲੇ ਨੂੰ ਭਾਰਤ ਦੀ ਵੱਡੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਵਿੱਚ ਜਿਸ ਨੇ ਨਿਸ਼ਾਨੇਬਾਜ਼ੀ ਨੂੰ ਹਟਾਏ ਜਾਣ ਪਿੱਛੋਂ 2022 ਬਰਮਿੰਘਮ ਗੇਮਜ਼ ਦੇ ਬਾਈਕਾਟ ਦੀ ਚਿਤਾਵਨੀ ਦਿੱਤੀ ਸੀ।



ਸੀ ਜੀ ਐਫ ਨੇ ਕਿਹਾ ਹੈ ਕਿ ਭਾਰਤ ਵਿੱਚ ਕਾਮਨਵੈਲਥ ਤੀਰਅੰਦਾਜ਼ੀ ਤੇ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 2022 ਵਿੱਚ ਹੋਵੇਗੀ। ਇਨ੍ਹਾਂ ਦੋਵਾਂ ਮੁਕਾਬਲਿਆਂ ਨੂੰ ਚੰਡੀਗੜ੍ਹ ਵਿੱਚ ਜਨਵਰੀ 2022 ਵਿੱਚ ਕਰਵਾਇਆ ਜਾਵੇਗਾ। ਕਾਮਨਵੈਲਥ ਖੇਡਾਂ 27 ਜੁਲਾਈ ਤੋਂ ਸੱਤ ਅਗਸਤ 2022 ਤੱਕ ਹੋਣਗੀਆਂ। ਸੀ ਜੀ ਐਫ ਨੇ ਕਿਹਾ ਹੈ ਕਿ ਇਸ ਫ਼ੈਸਲੇ ਨਾਲ ਸਾਫ਼ ਹੋ ਗਿਆ ਹੈ ਕਿ ਚੰਡੀਗੜ੍ਹ 2022 ਤੇ ਬਰਮਿੰਘਮ 2022 ਵੱਖ-ਵੱਖ ਕਾਮਨਵੈਲਥ ਚੈਂਪੀਅਨਸ਼ਿਪਾਂ ਹੋਣਗੀਆਂ। ਜੁਲਾਈ 2019 ਵਿੱਚ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਨੇ 2022 ਬਰਮਿੰਘਮ ਖੇਡਾਂ ਤੋਂ ਨਿਸ਼ਾਨੇਬਾਜ਼ੀ ਨੂੰ ਹਟਾਏ ਜਾਣ ਦੇ ਵਿਰੋਧ ਵਿੱਚ ਇਸ ਦਾ ਬਾਈਕਾਟ ਕਰਨ ਦੀ ਧਮਕੀ ਦਿੱਤੀ ਸੀ।

## ਮਹਿਲਾ ਰੈਪਰ ਦੇ ਗ੍ਰਿਫ਼ਤਾਰੀ ਆਦੇਸ਼ ਤੋਂ ਸਾਊਦੀ ਲੋਕ ਨਾਰਾਜ਼



ਰਿਆਧ, 25 ਫਰਵਰੀ (ਪੋਸਟ ਬਿਊਰੋ)- ਸਾਊਦੀ ਅਰਬ ਵਿੱਚ ਇੱਕ ਮਹਿਲਾ ਰੈਪਰ ਨੂੰ ਗ੍ਰਿਫ਼ਤਾਰ ਕਰਨ ਦੇ ਆਦੇਸ਼ 'ਤੇ ਸੋਸ਼ਲ ਮੀਡੀਆ ਉਤੇ ਲੋਕਾਂ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਕਈ ਲੋਕਾਂ ਨੇ ਸਾਊਦੀ ਅਰਬ ਦੀ ਸਰਕਾਰ ਨੂੰ ਢੌਂਗੀ ਕਰਾਰ ਦਿੱਤਾ ਤੇ ਕਿਹਾ ਕਿ ਪੱਛਮੀ ਔਰਤਾਂ ਨੂੰ ਪੇਸ਼ਕਾਰੀ ਲਈ ਬੁਲਾਉਂਦੇ ਹਨ।

ਵਰਨਣ ਯੋਗ ਹੈ ਕਿ ਸਾਊਦੀ ਅਰਬ ਦੀ ਮਹਿਲਾ ਰੈਪਰ ਅਸਾਯੇਲ ਸਲਾਏ ਦਾ ਇੱਕ ਆਨਲਾਈਨ ਵੀਡੀਓ ਜਾਰੀ ਹੋਇਆ ਹੈ। ਮੱਕਾ ਦੀ ਰਹਿਣ ਵਾਲੀ ਅਸਾਯੇਲ ਦੀ ਸਾਹਸੀ ਔਰਤ ਵਜੋਂ ਤਾਰੀਫ਼ ਹੋ ਰਹੀ ਹੈ। ਵੀਡੀਓ ਵਿੱਚ ਸਕਾਰਫ ਅਤੇ ਚਸ਼ਮਾ ਪਾ ਕੇ ਅਸਾਲੇਯ 'ਮੱਕਾ ਗਰਲ' ਗਾਣੇ ਵਿੱਚ ਔਰਤਾਂ ਨੂੰ 'ਸ਼ੂਗਰ ਕੈਂਡੀ' ਦੱਸਦੀ ਹੈ ਪ੍ਰੰਤੂ ਉਸ ਦਾ ਦੱਸਣ ਦਾ ਅੰਦਾਜ਼ ਮੱਕਾ ਦੇ ਗਵਰਨਰ ਖ਼ਾਲਿਦ ਅਲ-ਫ਼ੈਸਲ ਨੂੰ ਪਸੰਦ ਨਹੀਂ ਆਇਆ। ਉਨ੍ਹਾਂ ਆਦੇਸ਼ ਦਿੱਤਾ ਕਿ ਇਸ ਵੀਡੀਓ ਵਿੱਚ ਜਿਨ੍ਹਾਂ ਲੋਕਾਂ ਦਾ ਹੱਥ ਹੈ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਏ। ਗਵਰਨਰ ਨੇ ਟਵਿੱਟਰ 'ਤੇ ਲਿਖਿਆ ਕਿ ਇਹ ਸਥਾਨਕ ਸਾਊਦੀ ਅਰਬ ਪ੍ਰੰਪਰਾਵਾਂ ਅਤੇ ਰਿਵਾਜਾਂ ਦਾ ਅਪਮਾਨ ਕਰਨ ਵਾਲਾ ਹੈ। ਇਸ ਆਦੇਸ਼ 'ਤੇ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਕਈ ਲੋਕਾਂ ਨੇ ਕਿਹਾ ਕਿ ਇਹ ਕਦਮ ਪੱਛਮੀ ਸ਼ੈਲੀ ਵਾਲੀ ਆਜ਼ਾਦੀ ਵੱਲ ਵੱਧ ਰਹੇ ਸਾਊਦੀ ਅਰਬ ਦੇ ਯਤਨਾਂ ਨੂੰ ਕਮਜ਼ੋਰ ਕਰਨ ਵਾਲਾ ਹੈ। ਸਾਊਦੀ ਅਰਬ ਨੇ ਬੀਤੇ ਸਾਲਾਂ ਵਿੱਚ ਡ੍ਰਾਈਵਿੰਗ ਸਮੇਤ ਔਰਤਾਂ ਦੀ ਆਜ਼ਾਦੀ ਬਾਰੇ ਕਈ ਕਦਮ ਚੁੱਕੇ ਹਨ। ਇੱਕ ਔਰਤ ਟਵਿੱਟਰ ਯੂਜ਼ਰ ਨੇ ਲਿਖਿਆ, ''ਮੈਂ ਮੱਕਾ ਦੀ ਰਹਿਣ ਵਾਲੀ ਹਾਂ ਪ੍ਰੰਤੂ ਮੈਂ ਸਿਰਫ਼ ਮਾੜੇ ਰਿਵਾਜਾਂ ਤੇ ਨੌਜਵਾਨ ਔਰਤ ਕਲਾਕਾਰਾਂ ਦੀ ਵਿਚਾਰਾਂ ਦੀਆਂ ਆਜ਼ਾਦੀ 'ਤੇ ਹਮਲਾ ਦੇਖਦੀ ਹਾਂ।'' ਅਮਾਨੀ ਅਲ-ਅਹਿਮਦੀ ਨਾਮਕ ਇੱਕ ਹੋਰ ਸਾਊਦੀ ਔਰਤ ਨੇ ਕਿਹਾ ਕਿ ਇਹ ਨਸਲੀ ਅਤੇ ਲਿੰਗਕ ਭੇਦ ਭਾਵ ਵਾਲਾ ਕਦਮ ਹੈ।

## 'ਬਾਹੂਬਲੀ' ਦੀ ਅਭਿਨੇਤਰੀ ਅਨੁਸ਼ਕਾ ਦਾ ਕ੍ਰਿਕਟਰ ਨਾਲ ਵਿਆਹ ਕਰਨੋਂ ਇਨਕਾਰ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਸਾਊਥ ਅਭਿਨੇਤਰੀ ਅਨੁਸ਼ਕਾ ਸ਼ੈੱਟੀ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਭਾਰਤੀ ਕ੍ਰਿਕਟਰ ਨੂੰ ਡੇਟ ਨਹੀਂ ਕਰ ਰਹੀ। ਵਿਆਹ ਦੀਆਂ ਗੱਲਾਂ ਸਿਰਫ ਅਫਵਾਹਾਂ ਹਨ। ਆਪਣੀ ਫਿਲਮ ਦੀ ਪ੍ਰਮੋਸ਼ਨ 'ਤੇ ਅਨੁਸ਼ਕਾ ਨੇ ਕਿਹਾ, ''ਇੱਕ ਵਾਰ ਲੋਕਾਂ ਨੇ ਕਿਹਾ ਕਿ ਮੈਨੂੰ ਪਿਆਰ ਹੋ ਗਿਆ ਤੇ ਚੁੱਪ ਚੁਪੀਤੇ ਮੇਰੇ ਵਿਆਹ ਦੀਆਂ ਖਬਰਾਂ ਵੀ ਆ ਗਈਆਂ। ਫਿਰ ਇੱਕ ਕ੍ਰਿਕਟਰ ਨਾਲ ਮੇਰਾ ਨਾਂਅ ਜੋੜ ਦਿੱਤਾ ਗਿਆ ਹੈ। ਇਹ ਗਲਤ ਹੈ।''

ਅਨੁਸ਼ਕਾ ਨੇ ਆਪਣੇ ਵਿਆਹ ਦੀਆਂ ਖਬਰਾਂ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਕਿ ਇਨ੍ਹਾਂ 'ਤੇ ਰੋਕ ਚਾਹੀਦੀ ਹੈ, ਕਿਉਂਕਿ ਮੇਰੇ ਵਿਆਹ ਤੇ ਪਿਆਰ ਦੇ ਬਾਰੇ ਕਾਫੀ ਅਫਵਾਹਾਂ ਉਡਦੀਆਂ ਰਹਿੰਦੀਆਂ ਹਨ। ਖ਼ਬਰਾਂ ਵਿੱਚ ਉਸ ਦਾ ਕਈ ਵਾਰ ਵਿਆਹ ਵੀ ਕਰਵਾਇਆ ਜਾ ਚੁੱਕਾ ਹੈ। ਉਸ ਨੇ ਦੱਸਿਆ ਕਿ ਆਪਣੇ ਵਿਆਹ ਦਾ ਫੈਸਲਾ ਉਹ ਆਪਣੇ ਪਰਵਾਰ 'ਤੇ ਛੱਡ ਚੁੱਕੀ ਹੈ। ਉਹ ਹੀ ਇਸ ਬਾਰੇ ਵਿੱਚ ਫੈਸਲਾ ਲੈਣਗੇ।

ਵਰਨਣ ਯੋਗ ਹੈ ਕਿ ਕ੍ਰਿਕਟਰਾਂ ਤੇ ਬਾਲੀਵੁੱਡ ਅਭਿਨੇਤਰੀਆਂ ਵਿਚਾਲੇ ਵਿਆਹ ਦਾ ਕਾਫੀ ਰਿਵਾਜ ਚੱਲ ਰਿਹਾ ਹੈ। ਬੀਤੇ ਦਿਨੀਂ ਮਨੀਸ਼ ਪਾਂਡੇ ਨੇ ਸਾਊਥ ਅਭਿਨੇਤਰੀ ਅਕਸ਼ਿਤਾ ਸ਼ੈੱਟੀ ਨਾਲ ਵਿਆਹ ਕੀਤਾ ਸੀ।

## ਪਾਕਿ ਦੀ ਪੰਜਾਬ ਸਰਕਾਰ ਦਾ ਫੈਸਲਾ, ਨਵਾਜ਼ ਸ਼ਰੀਫ ਦੀ ਜ਼ਮਾਨਤ ਅੱਗੇ ਨਹੀਂ ਵਧਾਈ ਜਾਵੇਗੀ

ਲਾਹੌਰ, 25 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਅੱਜ ਮੰਗਲਵਾਰ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਮੈਡੀਕਲ ਆਧਾਰ ਉੱਤੇ ਦਿੱਤੀ ਜਾ ਰਹੀ ਜ਼ਮਾਨਤ ਨੂੰ ਅੱਗੇ ਨਾ ਵਧਾਉਣ ਦਾ ਫੈਸਲਾ ਕੀਤਾ ਹੈ।



ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਦੇ ਕਾਨੂੰਨ ਮੰਤਰੀ ਰਾਜਾ ਬਸ਼ਾਰਤ ਨੇ ਕਿਹਾ ਕਿ ਪੰਜਾਬ ਕੈਬਨਿਟ ਨੇ ਫੈਸਲਾ ਕੀਤਾ ਹੈ ਕਿ 70 ਸਾਲਾ ਨੇਤਾ ਦੀ ਜ਼ਮਾਨਤ ਦੀ ਮਿਆਦ ਵਧਾਉਣ ਦਾ ਕੋਈ ਕਾਨੂੰਨੀ, ਨੈਤਿਕ ਜਾਂ ਕੋਈ ਠੋਸ ਸਬੂਤ ਨਹੀਂ ਹੈ। ਤਿੰਨ ਵਾਰ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ ਰਾਜ ਕਰਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਤੇ ਨਵਾਜ਼ ਸ਼ਰੀਫ ਦੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਝਗੜੇ ਦੌਰਾਨ 19 ਨਵੰਬਰ 2019 ਨੂੰ ਇਲਾਜ ਦੇ ਲਈ ਲੰਡਨ ਗਏ ਸਨ। 23 ਦਸੰਬਰ ਨੂੰ ਉਨ੍ਹਾਂ ਨੇ ਲਾਹੌਰ ਹਾਈ ਕੋਰਟ ਵਲੋਂ ਦਿੱਤੀ ਚਾਰ ਹਫਤੇ ਦੀ ਮਿਆਦ ਮੁੱਕਣ ਉੱਤੇ ਆਪਣੇ ਵਿਦੇਸ਼ ਰਹਿਣ ਦੀ ਮਿਆਦ ਵਿਚ ਵਾਧੇ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਨੇ ਇਸ ਦਾ ਫੈਸਲਾ ਲੈਣ ਦੇ ਲਈ ਚਾਰ-ਮੈਂਬਰੀ ਕਮੇਟੀ ਬਣਾਈ ਅਤੇ ਫੈਸਲਾ ਲੈਣ ਦੇ ਲਈ ਨਵੇਂ ਸਿਰੇ ਤੋਂ ਮੈਡੀਕਲ ਰਿਪੋਰਟ ਮੰਗੀ ਸੀ।

ਇਸ ਪਿੱਛੋਂ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਯਾਸਮੀਨ ਰਾਸ਼ਿਦ ਸਣੇ ਪੰਜਾਬ ਕੈਬਨਿਟ ਦੇ ਹੋਰ ਮੈਂਬਰਾਂ ਦੇ ਨਾਲ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਬਸ਼ਾਰਤ ਨੇ ਕਿਹਾ ਕਿ ਕਮੇਟੀ ਨੇ ਇਹ ਫੈਸਲਾ ਲਿਆ ਹੈ ਕਿ ਨਵਾਜ਼ ਸ਼ਰੀਫ ਦੀ ਜ਼ਮਾਨਤ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ। ਉਨ੍ਹਾਂ ਦੱਸਿਆ ਕਿ ਲਾਹੌਰ ਕੋਰਟ ਨੇ ਉਨ੍ਹਾਂ ਨੂੰ 8 ਹਫਤਿਆਂ ਦੀ ਜ਼ਮਾਨਤ ਦਿੱਤੀ ਸੀ, ਪਰ ਇਸ ਦੌਰਾਨ ਹੋਰ ਚਾਰ ਹਫਤੇ ਬੀਤ ਗਏ ਹਨ।

# ਫੌਜ ਵਿੱਚ ਪੰਜਾਬੀਆਂ ਦੀ ਗਿਣਤੀ ਘਟਣੀ ਚਿੰਤਾਜਨਕ: ਬ੍ਰਿ. ਕਾਹਲੋਂ

ਗੁਰਦਾਸਪੁਰ, 25 ਫਰਵਰੀ (ਪੋਸਟ ਬਿਊਰੋ)- ਫੌਜੀ ਅਫਸਰਾਂ ਦਾ ਕਹਿਣਾ ਹੈ ਕਿ ਭਾਰਤ ਦੀ ਵੰਡ ਤੋਂ ਪਹਿਲਾਂ ਫੌਜ ਦੀ ਭਰਤੀ ਕਰਨ ਵਾਲੇ ਅਧਿਕਾਰੀ ਦੇਸ਼ ਦਾ ਸੱਜਾ ਹੱਥ ਸਮਝੇ ਜਾਂਦੇ ਪੰਜਾਬ ਦੇ ਪਿੰਡਾਂ ਵਿੱਚ ਜਾ ਕੇ ਜ਼ੈਲਦਾਰਾਂ ਤੇ ਨੰਬਰਦਾਰਾਂ ਦੇ ਸਹਿਯੋਗ ਨਾਲ ਸਿਹਤਮੰਦ ਨੌਜਵਾਨਾਂ ਨੂੰ ਖੁਦ ਭਰਤੀ ਕਰ ਕੇ ਲੈ ਜਾਂਦੇ ਸਨ, ਜੋ ਵਿਸ਼ਵ ਯੁੱਧ ਅਤੇ ਆਜ਼ਾਦੀ ਪ੍ਰਾਪਤ ਕਰਨ ਉਪਰੰਤ ਵੀ ਦੁਸ਼ਮਣਾਂ ਨੂੰ ਲਲਕਾਰਦੇ ਹੋਏ ਫਤਿਹ ਦਾ ਡੰਕਾ ਵਜਾਉਂਦੇ ਰਹੇ। ਸਾਕਾ ਸਾਰਾਗੜ੍ਹੀ ਵਰਗਾ ਕਾਰਨਾਮਾ ਵਿਸ਼ਵ ਭਰ ਵਿੱਚ ਨਹੀਂ ਮਿਲਦਾ। ਅਫਸੋਸ ਦੀ ਗੱਲ ਹੈ ਕਿ ਭਰਤੀ ਦੇ ਚਾਹਵਾਨ ਨੌਜਵਾਨ ਨਸ਼ੇ ਦੇ ਰਸਤੇ ਪੈ ਕੇ ਜਾਂ ਗੈਂਗਸਟਰਾਂ ਦੇ ਹੱਥ ਚੜ੍ਹ ਕੇ ਜ਼ਿੰਦਗੀ ਖਰਾਬ ਕਰ ਰਹੇ ਹਨ, ਕਈ ਮੁਸ਼ਕਲ ਹਾਲਾਤਾਂ ਵਿੱਚ ਪੈਸੇ ਇਕੱਠੇ ਕਰ ਕੇ ਵਿਦੇਸ਼ਾਂ ਦਾ ਰੁਖ਼ ਕਰ ਰਹੇ ਹਨ ਅਤੇ ਭਰਤੀ ਸਮੇਂ ਫੌਜ ਦੀਆਂ ਨਿਰਧਾਰਤ ਸ਼ਰਤਾਂ ਪੂਰੀਆਂ ਨਹੀਂ ਕਰਦੇ। ਦੁਸ਼ਮਣ ਦੀ ਰਣਨੀਤੀ ਹੈ ਕਿ ਪੰਜਾਬ ਵਿੱਚ ਨਸ਼ੇ ਦਾ ਜਾਲ ਫੈਲਾਓ ਤਾਂ ਜੋ ਨੌਜਵਾਨ ਭਰਤੀ ਹੋਣ ਦੇ ਕਾਬਲ ਹੀ ਨਾ ਰਹਿਣ।'

ਆਲ ਇੰਡੀਆ ਡਿਫੈਂਸ ਬ੍ਰਦਰਹੁਡ ਐਸੋਸੀਏਸ਼ਨ ਦੇ ਪ੍ਰਧਾਨ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ



ਹਥਿਆਰਬੰਦ ਫੌਜਾਂ ਵਿੱਚ ਭਰਤੀ ਆਲ ਇੰਡੀਆ ਰਿਕਰੂਟਮੈਂਟ ਮੇਲ ਪਾਪੂਲੇਸ਼ਨ ਨੀਤੀ ਦੇ ਆਧਾਰ 'ਤੇ ਹੁੰਦੀ ਹੈ, ਪਰ ਅਫਸਰਾਂ ਦੀ ਸਿਲੈਕਸ਼ਨ ਤਾਂ ਮੈਰਿਟ 'ਤੇ ਨਿਰਭਰ ਕਰਦੀ ਹੈ। ਚਿੰਤਾਜਨਕ ਵਿਸ਼ਾ ਇਹ ਹੈ ਕਿ ਕਾਫੀ ਸਮਾਂ ਪਹਿਲਾ ਪੰਜਾਬੀ ਅਧਿਕਾਰੀਆਂ ਦੀ ਫੌਜ ਵਿੱਚ ਅਨੁਪਾਤ ਹੋਰ ਰਾਜਾਂ ਤੋਂ ਕਿਤੇ ਵੱਧ ਸੀ, ਪਰ ਅੱਜ ਕੱਲ੍ਹ ਇਹ ਗ੍ਰਾਫ ਹੇਠਾਂ ਵੱਲ ਜਾ ਰਿਹਾ ਹੈ। ਇਸ ਦਾ ਪ੍ਰਤੱਖ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਰਿਹਾ ਹੈ ਕਿ ਜਦ ਬੀਤੇ ਸਾਲ ਅਫਸਰ ਟਰੇਨਿੰਗ ਅਕਾਦਮੀ ਗੋਆ ਤੋਂ 427 ਕੈਡਿਟ ਕਮਿਸ਼ਨ ਪ੍ਰਾਪਤ ਕਰ ਕੇ ਪਾਸ ਆਊਟ ਹੋਏ ਤਾਂ ਇਸ ਵਿੱਚ ਅੱਸੀ ਕੈਡਿਟ ਹਮਦਰਦ ਦੇਸ਼ਾਂ ਦੇ ਸਨ ਤੇ ਹੋਰਨਾਂ ਵਿੱਚ ਸਭ ਤੋਂ ਵੱਧ 53 ਕੈਡਿਟ ਉੱਤਰ ਪ੍ਰਦੇਸ਼, 51 ਹਰਿਆਣਾ, 36 ਬਿਹਾਰ, 26 ਉਤਰਾਖੰਡ, 25 ਦਿੱਲੀ, 20 ਮਹਾਰਾਸ਼ਟਰ, 15 ਹਿਮਾਚਲ ਅਤੇ ਪੰਜਾਬ ਦੇ ਕੇਵਲ 14 ਸਨ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਜੋ ਲੜਕੇ ਐਨ ਡੀ ਏ, ਆਈ ਐਮ ਏ, ਟੈਕਨੀਕਲ ਅਤੇ ਨਾਨ ਟੈਕਨੀਕਲ ਐਂਟਰੀ ਲਈ ਪ੍ਰੀਖਿਆ ਵਿੱਚ ਬੈਠਦੇ ਹਨ, ਉਨ੍ਹਾਂ ਵਿੱਚੋਂ ਪਾਸ ਹੋਣ ਵਾਲਿਆਂ ਦੀ ਗਿਣਤੀ ਨਾਮਾਤਰ ਹੈ।

ਬ੍ਰਿਗੇਡੀਅਰ ਕਾਹਲੋਂ ਨੇ ਦੱਸਿਆ ਕਿ ਬੀਤੇ ਨਵੰਬਰ ਵਿੱਚ ਉਨ੍ਹਾਂ ਨੂੰ ਸਮਾਜ ਸੇਵੀ ਬਾਬਾ ਸੇਵਾ ਸਿੰਘ ਦੇ ਸੱਦੇ 'ਤੇ ਖਡੂਰ ਸਾਹਿਬ ਪਹੁੰਚ ਕੇ ਉਨ੍ਹਾਂ ਦੀ ਸਰਪ੍ਰਸਤੀ ਹੇਠ ਚਲਾਈਆਂ ਜਾਂਦੀਆਂ ਸਿਖਿਆ ਸੰਸਥਾਵਾਂ ਵਿੱਚ ਜਾ ਕੇ ਬਹੁਤ ਕੁਝ ਵੇਖਣ ਤੇ ਸੋਚਣ ਨੂੰ ਮਿ-ਲਆ। ਖਾਸ ਕਰ ਕੇ ਜਿਸ ਤਰ੍ਹਾਂ ਉਨ੍ਹਾਂ ਵੱਲੋਂ ਐਨ ਡੀ ਏ ਦੇ ਚਾਹਵਾਨ ਬੱਚਿਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ, ਉਹ ਪ੍ਰਸ਼ੰਸਾ ਯੋਗ ਹੈ। ਇਸ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਤੇ ਫਤਿਹਗੜ੍ਹ ਸਾਹਿਬ ਵਿੱਚ ਵੀ ਅਕਾਦਮੀਆਂ ਵਿੱਚ ਬੱਚਿਆਂ ਨੂੰ ਫੌਜ ਦਾ ਕਮਿਸ਼ਨ ਪ੍ਰਾਪਤ ਕਰਨ ਦੇ ਯੋਗਦਾਨ ਲਈ ਤਿਆਰ ਕੀਤਾ ਜਾ ਰਿਹਾ ਹੈ, ਫਿਰ ਵੀ ਪੰਜਾਬੀਆਂ ਦੀ ਗਿਣਤੀ ਪਿਛਲੀ ਪਾਸਿੰਗ ਆਊਟ ਪਰੇਡ ਵਿੱਚ ਗਿਣਤੀ 14 ਰਹੀ, ਜੋ ਉਤਰਾਖੰਡ ਤੋਂ ਕਰੀਬ ਅੱਧੀ ਹੈ, ਅਜਿਹਾ ਕਿਉਂ? ਇਹ ਸਭ ਕੁਝ ਵਿਚਾਰ ਅਧੀਨ ਹੈ।

# ਮੇਲਾਨੀਆ ਟਰੰਪ ਸਰਕਾਰੀ ਸਕੂਲ ਦੀ 'ਹੈਪੀਨੈੱਸ ਕਲਾਸ' ਦੇਖਣ ਗਈ

ਨਵੀਂ ਦਿੱਲੀ, 25 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੀ ਫਸਟ ਲੇਡੀ ਮੇਲਾਨੀਆ ਟਰੰਪ ਅੱਜ ਨਾਨਕਪੁਰਾ ਵਿੱਚ ਦਿੱਲੀ ਸਰਕਾਰ ਦੇ ਇਕ ਸਕੂਲ ਦਾ ਦੌਰਾ ਕਰਨ ਗਈ। ਉਹ ਸਕੂਲ ਦੇ ਗੇਟ ਉੱਤੇ ਹੈਪੀ ਨਜ਼ਰ ਆਈ, ਜਦੋਂ ਛੋਟੇ ਬੱਚੇ ਨੇ ਮੱਥੇ ਉੱਤੇ ਤਿਲਕ ਲਾ ਕੇ ਉਸ ਦਾ ਸਵਾਗਤ ਕੀਤਾ।

ਮੱਥੇ ਉੱਤੇ ਤਿਲਕ ਲਵਾਉਣ ਤੋਂ ਬਾਅਦ ਮੇਲਾਨੀਆ ਦੇ ਚਿਹਰੇ ਉੱਤੇ ਖ਼ੁਸ਼ੀ ਸਾਫ਼ ਦੇਖੀ ਜਾ ਸਕਦੀ ਸੀ। ਉਹ ਆਰ ਕੇ ਪੁਰਮ ਦੇ ਸਰਵੋਦੇ ਸਹਿ-ਸਿੱਖਿਆ ਸੈਕੰਡਰੀ ਸਕੂਲ ਵਿੱਚ ਹੈਪੀਨੈੱਸ ਕਲਾਸ ਦੇਖਣ ਗਈ ਸੀ। ਦਿੱਲੀ ਦੇ ਸਰਵੋਦੇ ਕੋ-ਐੱਡ ਸੀਨੀਅਰ ਸੈਕੰਡਰੀ ਸਕੂਲ ਵਿੱਚ ਅਮਰੀਕਾ ਦੀ ਫਸਟ ਲੇਡੀ ਮੇਲਾਨੀਆ ਟਰੰਪ ਦੇ ਸਵਾਗਤ ਦੇ ਲਈ ਤਿਆਰੀਆਂ ਪਹਿਲਾਂ ਹੀ ਸ਼ੁਰੂ ਹੋ ਗਈਆਂ ਸਨ, ਕਿਉਂਕਿ ਇਹ ਦੌਰਾ ਯੋਜਨਾਬੱਧ ਸੀ।

ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਮਿਲਾਨੀਆ ਟਰੰਪ ਵੱਲੋਂ ਇਸ ਸਕੂਲ ਦਾ ਦੌਰਾਨ ਕਰਨ ਉੱਤੇ ਖ਼ੁਸ਼ੀ ਪ੍ਰਗਟ ਕੀਤੀ ਹੈ। ਉਨ੍ਹਾ ਟਵੀਟ ਕਰਦਿਆਂ ਲਿਖਿਆ, ਅੱਜ ਸਾਡੇ ਸਕੂਲ ਦੀ ਹੈਪੀਨੈੱਸ ਕਲਾਸ ਵਿੱਚ ਮਿਲਾਨੀਆ ਹਿੱਸਾ ਲਵੇਗੀ। ਸਾਡੇ ਅਧਿਆਪਕਾਂ, ਵਿਦਿਆਰਥੀਆਂ ਤੇ ਦਿੱਲੀ ਵਾਸੀਆਂ ਲਈ ਬਹੁਤ ਚੰਗਾ ਦਿਨ ਹੈ। ਸਦੀਆਂ ਤੋਂ ਭਾਰਤ ਨੇ ਦੁਨੀਆ ਨੂੰ ਅਧਿਆਤਮਕਤਾ ਸਿਖਾਈ ਹੈ। ਮੈਨੂੰ ਖ਼ੁਸ਼ੀ ਹੈ ਕਿ ਉਹ ਸਾਡੇ ਸਕੂਲ ਤੋਂ ਖ਼ੁਸ਼ੀ ਦਾ ਸੰਦੇਸ਼ ਲੈ ਕੇ ਜਾਵੇਗੀ।







# ਅਜ਼ੀਜ਼ ਕੁਰੈਸ਼ੀ ਨੇ ਕਿਹਾ, ਸੀ ਏ ਏ ਵਿਰੋਧੀ ਅਤੇ ਪਾਕਿ ਪੱਖੀ ਨਾਅਰੇ ਲਾਉਣ ਵਾਲਿਆਂ ਪਿੱਛੇ ਸਰਕਾਰ ਦਾ ਹੱਥ

ਸੰਭਲ, 25 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਸਾਬਕਾ ਗਵਰਨਰ ਅਜ਼ੀਜ਼ ਕੁਰੈਸ਼ੀ ਨੇ ਦੋਸ਼ ਲਾਇਆ ਹੈ ਕਿ ਸਰਕਾਰ ਇੱਕ ਸਾਜਿਸ਼ ਤਹਿਤ ਸੀ ਏ ਏ (ਨਾਗਰਕਿਤਾ ਸੋਧ ਕਾਨੂੰਨ) ਵਿਰੋਧੀ ਪ੍ਰਦਰਸ਼ਨਾਂ ਵਿੱਚ ਲੋਕਾਂ ਨੂੰ ਭੇਜ ਕੇ ਉਨ੍ਹਾਂ ਤੋਂ ਪਾਕਿਸਤਾਨ ਦੇ ਹੱਕ ਵਿੱਚ ਨਾਅਰੇ ਲਗਵਾ ਰਹੀ ਹੈ।

ਅਲੀਗੜ੍ਹ ਅਤੇ ਦਿੱਲੀ ਵਿੱਚ ਪ੍ਰਦਰਨਕਾਰੀਆਂ 'ਤੇ ਪੁਲਸ ਦੀ ਕਾਰਵਾਈ ਨੂੰ ਵਹਿਸ਼ੀਆਨਾ ਗਰਦਾਨਦਿਆਂ ਉਨ੍ਹਾਂ ਨੇ ਕਿਹਾ ਕਿ ਜਦੋਂ ਸਰਕਾਰ ਵਿੱਚ ਬੈਠੇ ਲੋਕਾਂ ਨੂੰ ਲਗਦਾ ਹੈ ਕਿ ਉਹ ਹਾਰ ਗਏ ਹਨ ਤਾਂ ਉਹ ਫਾਇਰਿੰਗ ਅਤੇ ਲਾਠੀਚਾਰਜ ਕਰਵਾਉਂਦੇ ਹਨ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ, ''ਸਰਕਾਰ ਵਿੱਚ ਬੈਠੇ ਹਿਟਲਰ ਦੇ ਸਮਰਥਕ ਆਪਣੇ ਲੋਕਾਂ ਨੂੰ ਸੀ ਏ ਏ ਵਿਰੋਧੀ ਪ੍ਰਦਰਸ਼ਨਾਂ ਵਿੱਚ ਭੇਜ ਕੇ ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਵਾਉਂਦੇ ਹਨ




ਤੇ ਗੁੰਡਾਗਰਦੀ ਅਤੇ ਸਾੜ ਫੂਕ ਕਰਦੇ ਹਨ ਤਾਂ ਜੋ ਦਿਨ ਹਿੰਸਕ ਪ੍ਰਦਰਸ਼ਨ ਜਾਪੇ, ਜਿਸ ਕਾਰਨ ਪੁਲਸ ਨੇ ਫਾਇਰਿੰਗ ਕੀਤੀ ਹੋਵੇ। ਇਹ ਸਾਰਾ ਕੁਝ ਇੱਕ ਯੋਜਨਾਬੱਧ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਭਾਜਪਾ ਅਤੇ ਆਰ ਐਸ ਐਸ 'ਤੇ ਹਮਲਾ ਬੋਲਦਿਆਂ ਉਨ੍ਹਾਂ ਦੋਸ਼ ਲਾਇਆ ਕਿ ਇਹ ਮੁਸਲਮਾਨਾਂ ਪ੍ਰਤੀ ਸਾਜ਼ਿਸ਼ ਦਾ ਹਿੱਸਾ ਹੈ, ਜਿਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।''


A/Z CITY DRIVER
WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work - All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋਂ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨਿਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋਂ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 I 416-509-7252 I +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ,ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 I 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


UPPAL LAW
AVTAR UPPAL
Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY



ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਪੰਜਾਬ ਭਵਨ ਦੇ "ਹਾਲ ਆਫ ਫੇਮ" ਵਿਚ ਸਜਾਈਆਂ ਜਸਵੰਤ ਕੰਵਲ, ਦਲੀਪ ਕੌਰ ਟਿਵਾਣਾ ਤੇ ਗੁਰਚਰਨ ਰਾਮਪੁਰੀ ਦੀਆਂ ਤਸਵੀਰਾਂ




ਸਰੀ, 25 ਫਰਵਰੀ - ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਸਾਹਿਤ ਦੇ ਮਹਾਨ ਸਾਹਿਤਕਾਰ ਜਸਵੰਤ ਸਿੰਘ ਕੰਵਲ ਅਤੇ ਡਾ. ਦਲੀਪ ਕੌਰ ਟਿਵਾਣਾ ਅਤੇ ਮਰਹੂਮ ਸ਼ਾਇਰ ਗੁਰ-ਚਰਨ ਰਾਮਪੁਰੀ ਦੀ ਯਾਦ ਵਿਚ ਪੰਜਾਬ ਭਵਨ ਸਰੀ ਵਿਖੇ ਇਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਅਤੇ ਇਨ੍ਹਾਂ ਸਾਹਿਤਕਾਰਾਂ ਦੀਆਂ ਤਸਵੀਰਾਂ ਪੰਜਾਬ ਭਵਨ ਦੀ "ਹਾਲ ਆਫ ਫੇਮ" ਦੀਵਾਰ ਤੇ ਸਜਾਈਆਂ ਗਈਆਂ।

ਸਮਾਗਮ ਦਾ ਆਗਾਜ਼ ਪੰਜਾਬ ਭਵਨ ਦੇ ਬਾਨੀ ਸੁੱਖੀ ਬਾਠ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਡਾ. ਪ੍ਰਿਥੀਪਾਲ ਸੋਹੀ ਨੇ ਕਿਹਾ ਜਸਵੰਤ ਸਿੰਘ ਕੰਵਲ ਨੇ ਰਸੂਲ ਹਮਜ਼ਾਤੋਵ ਵਾਂਗ ਪੰਜਾਬ ਦੇ ਸੱਭਿਆਚਾਰ, ਰੀਤੀ ਰਿਵਾਜਾਂ, ਲੋਕ ਗੀਤਾਂ, ਸੱਭਿਅਤਾ ਅਤੇ ਧਰਾਤਲ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ। ਗੁਰਬਾਜ਼ ਸਿੰਘ ਬਰਾੜ ਨੇ ਤਿੰਨਾਂ ਸਾਹਿਤਕਾਰਾਂ ਸਾਰੇ ਸੰਖੇਪ ਵਿਚ ਚਰਚਾ ਕੀਤੀ। ਜਰਨੈਲ ਸਿੰਘ ਸੇਖਾ ਨੇ ਜਸਵੰਤ ਸਿੰਘ ਕੰਵਲ ਦੀ ਦੂਰ ਦ੍ਰਿਸ਼ਟੀ ਦੀ ਗੱਲ ਕੀਤੀ। ਪ੍ਰਿੰਸੀਪਲ ਕਸ਼ਮੀਰਾ ਸਿੰਘ ਨੇ ਸ. ਕੰਵਲ ਬਾਰੇ ਅਤੇ ਸਾਧੂ ਸਿੰਘ ਬਿਨਿੰਗ ਨੇ ਗੁਰਚਰਨ ਰਾਮਪੁਰੀ ਦੀ ਸ਼ਖਸੀਅਤ ਬਾਰੇ ਚਾਨਣਾਂ ਪਾਇਆ। ਜਰਨੈਲ ਸਿੰਘ ਆਰਟਿਸਟ ਨੇ ਵੀ ਇਨ੍ਹਾਂ ਮਹਾਨ ਸਾਹਿਤਕਾਰਾਂ ਨਾਲ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ। ਹਰਿੰਦਰ ਕੌਰ ਸੋਹੀ ਨੇ ਜਸਵੰਤ ਸਿੰਘ ਕੰਵਲ ਅਤੇ ਡਾ. ਟਿਵਾਣਾ ਦਾ ਵਰਨਣ ਬਹੁਤ ਹੀ ਖੂਬਸੂਰਤ ਸ਼ਬਦਾਂ ਰਾਹੀਂ ਕੀਤਾ। ਡਾ. ਰਘਬੀਰ ਸਿੰਘ ਸਿਰਜਣਾ ਨੇ ਇਨ੍ਹਾਂ ਸਾਹਿਤਕਾਰਾਂ ਨਾਲ ਆਪਣੀਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ। ਗੁਰ-ਚਰਨ ਰਾਮਪੁਰੀ ਦੇ ਬੇਟੇ ਰਵਿੰਦਰ ਰਾਮਪੁਰੀ ਨੇ ਆਪਣੇ ਪਿਤਾ ਦੀ ਲਿਖਣ ਪ੍ਰਕਿਰਿਆ ਬਾਰੇ ਦੱਸਿਆ। ਕਵਿੰਦਰ ਚਾਂਦ ਨੇ ਇਨ੍ਹਾਂ ਸਾਹਿਤਕਾਰਾਂ ਨੂੰ ਸਿਜਦਾ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ



ਪ੍ਰਫੁੱਲਤ ਕਰਨ ਵਿਚ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਨ੍ਹਾਂ ਦੀਆਂ ਰਚਨਾਵਾਂ ਹਮੇਸ਼ਾਂ ਪੰਜਾਬੀ ਪਾਠਕਾਂ ਦੀ ਰਾਹਨੁਮਾਈ ਕਰਦੀਆਂ ਰਹਿਣਗੀਆਂ।

ਇਸ ਮੌਕੇ ਮਰਹੂਮ ਗੁਰਚਰਨ ਰਾਮਪੁਰੀ ਦੇ ਪਰਿਵਾਰ ਨੂੰ ਪੰਜਾਬ ਭਵਨ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਤਿੰਨਾਂ ਸਾਹਿਤਕਾਰਾਂ ਦੀਆਂ ਤਸਵੀਰਾਂ ਤਾੜੀਆਂ ਦੀ ਗੂੰਜ ਵਿਚ ਦੀਵਾਰ ਤੇ ਸੁਸ਼ੋਭਿਤ ਕੀਤੀਆਂ ਗਈਆਂ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ. ਸਾਧੂ ਸਿੰਘ, ਜੇ. ਮਿਨਹਾਸ, ਹਰਚੰਦ ਸਿੰਘ ਬਾਗੜੀ, ਮੋਹਨ ਗਿੱਲ, ਬਲਵੰਤ ਸੰਘੇੜਾ, ਸੁਰਜੀਤ ਮਾਧੋਪੁਰੀ, ਅੰਗਰੇਜ਼ ਬਰਾੜ, ਬਿੰਦੂ ਮਠਾੜੂ, ਬਲਵੀਰ ਢਿੱਲੋਂ, ਦਵਿੰਦਰ ਕੌਰ ਜੌਹਲ, ਰਾਜਿੰਦਰ ਸਿੰਘ ਪੰਧੇਰ ਅਤੇ ਹਰਦਮ ਸਿੰਘ ਮਾਨ ਸ਼ਾਮਲ ਸਨ।




jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

amar™ INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਵਾਤਾਵਰਣ ਪ੍ਰਦੂਸ਼ਣ ਸਿਰਫ ਦਿੱਲੀ ਹੀ ਨਹੀਂ ਪੂਰੇ ਭਾਰਤ ਲਈ ਖਤਰਾ

-ਆਕਾਰ ਪਟੇਲ

ਅੱਸੀ ਦੇ ਦਹਾਕੇ ਦੇ ਅਖੀਰ ਅਤੇ ਨੱਬੇ ਦੇ ਸ਼ੁਰੂ ਦੌਰਾਨ ਕਈ ਸਾਲਾਂ ਤੱਕ ਮੈਂ ਆਪਣੇ ਪਰਵਾਰਕ ਟੈਕਸਟਾਈਲ ਕਾਰੋਬਾਰ ਵਿੱਚ ਕੰਮ ਕਰਦਾ ਸੀ। ਸਾਡੀ ਫੈਕਟਰੀ ਅੰਕਲੇਸ਼ਵਰ ਵਿੱਚ ਸੀ। ਇਹ ਉਦਯੋਗਿਕ ਅਸਟੇਟ ਸਾਡੇ ਗ੍ਰਹਿ ਨਗਰ ਸੂਰਤ ਤੋਂ ਰੇਲ ਗੱਡੀ ਦੇ ਇੱਕ ਘੰਟੇ ਦੇ ਸਫਰ ਦੀ ਦੂਰੀ ਉੱਤੇ ਸੀ। ਮੈਂ ਆਮ ਤੌਰ ਉੱਤੇ ਦੁਪਹਿਰ ਵੇਲੇ ਫੈਕਟਰੀ ਵਿੱਚ ਪਹੁੰਚਦਾ ਸੀ ਤੇ ਦੇਰ ਸ਼ਾਮ ਪਰਤਦਾ ਸੀ। ਕਾਰੋਬਾਰ ਕੋਈ ਚੰਗਾ ਨਹੀਂ ਚੱਲ ਰਿਹਾ ਸੀ ਅਤੇ 1991 ਵਿੱਚ ਮਨਮੋਹਨ ਸਿੰਘ ਵੱਲੋਂ ਭਾਰਤੀ ਅਰਥ ਵਿਵਸਥਾ ਦਾ ਉਦਾਰੀਕਰਨ ਕੀਤੇ ਜਾਣ ਪਿੱਛੋਂ ਸਾਡੇ ਲਈ ਹੋਰਨਾਂ ਨਾਲ ਮੁਕਾਬਲਾ ਕਰਨਾ ਮੁਸ਼ਕਲ ਹੋ ਗਿਆ ਸੀ। ਇਸ ਲਈ ਕੁਝ ਸਾਲਾਂ ਬਾਅਦ ਅਸੀਂ ਇਸ ਨੂੰ ਬੰਦ ਕਰ ਦਿੱਤਾ। ਸਾਡੀ ਫੈਕਟਰੀ ਵਿੱਚ ਪੋਲਿਸਟਰ ਧਾਗੇ ਨੂੰ 'ਟੈਕਸਚੁਰਾਈਜ਼ਿੰਗ' ਨਾਂਅ ਦੀ ਇੱਕ ਪ੍ਰਕਿਰਿਆ 'ਚੋਂ ਲੰਘਾਇਆ ਜਾਂਦਾ ਸੀ, ਜਿਸ ਨਾਲ ਇਸ ਦਾ ਪਲਾਸਟਿਕ ਵਰਗਾ ਚਿਪਚਿਪਾਪਣ ਖਤਮ ਹੋ ਜਾਂਦਾ ਸੀ ਤੇ ਇਹ ਪਹਿਨਣ ਯੋਗ ਹੋ ਜਾਂਦਾ ਸੀ। ਇਹ ਕੰਮ ਬਹੁਤ ਹਾਈ ਸਪੀਡ ਨਾਲ ਚੱਲਣ ਵਾਲੀਆਂ ਮਸ਼ੀਨਾਂ 'ਤੇ ਕੀਤਾ ਜਾਂਦਾ ਸੀ ਅਤੇ ਇਸ ਲਈ ਬਹੁਤ ਵੱਡੇ ਏਅਰ ਕੰਡੀਸ਼ਨਿੰਗ ਪਲਾਂਟ ਅਤੇ ਕੂਲਿੰਗ ਟਾਵਰ ਦੀ ਲੋੜ ਹੁੰਦੀ ਸੀ। ਇੱਕ ਦਿਨ ਕੂਲਿੰਗ ਟਾਵਰ ਦੇ ਉਪਰਲੇ ਹਿੱਸੇ ਵਿੱਚ ਪਾਣੀ ਸਪਲਾਈ ਕਰਨ ਵਾਲਾ ਬਹੁਤ ਵੱਡਾ ਪਾਈਪ ਇਸ ਤਰ੍ਹਾਂ ਫਟ ਗਿਆ, ਜਿਸ ਤਰ੍ਹਾਂ ਇਹ ਧਾਤੂ ਦਾ ਨਾ ਹੋ ਕੇ ਪਾਪੜ ਦਾ ਬਣਿਆ ਹੋਵੇ। ਮੈਨੂੰ ਸਮਝ ਨਾ ਆਇਆ ਕਿ ਇਹ ਕਿਵੇਂ ਹੋ ਗਿਆ? ਉਸ ਸ਼ਾਮ ਮੈਂ ਆਮ ਨਾਲੋਂ ਵੱਧ ਸਮਾਂ ਫੈਕਟਰੀ ਵਿੱਚ ਰੁਕਿਆ ਰਿਹਾ। ਜਦੋਂ 6.30 ਵਜੇ ਦੇ ਕਰੀਬ ਮੈਂ ਸਟੇਸ਼ਨ ਵੱਲ ਜਾ ਰਿਹਾ ਸੀ ਤਾਂ ਮੇਰਾ ਗਲਾ ਇੱਕ ਅਜਿਹੇ ਧੂੰਏਂ ਨਾਲ ਭਰ ਗਿਆ, ਜੋ ਪੂਰੀ ਤਰ੍ਹਾਂ ਤੇਜ਼ਾਬੀ ਸੀ।

ਸਾਡੇ ਨੇੜੇ ਇੱਕ ਹੋਰ ਫੈਕਟਰੀ ਦਿਨ ਵਿੱਚ ਇਸ ਸਮੇਂ ਨਿਰੰਤਰ ਕੁਝ ਜ਼ਹਿਰੀਲਾ ਕਚਰਾ ਛੱਡਦੀ ਸੀ, ਜੋ ਕਿ ਸਾਫ ਤੌਰ 'ਤੇ ਇੰਨਾ ਖਤਰਨਾਕ ਹੁੰਦਾ ਸੀ ਕਿ ਧਾਤੂ ਤੱਕ ਨੂੰ ਗਾਲ ਸਕਦਾ ਸੀ। ਦੇਰ ਸ਼ਾਮ ਨੂੰ ਇਹ ਜ਼ਹਿਰੀਲਾ ਕਚਰਾ ਸ਼ਾਇਦ ਇਸ ਲਈ ਛੱਡਿਆ ਜਾਂਦਾ ਸੀ ਕਿ ਪ੍ਰਦੂਸ਼ਣ ਇੰਸਪੈਕਟਰਾਂ ਦੀਆਂ ਨਜ਼ਰਾਂ ਤੋਂ ਬਚਿਆ ਜਾ ਸਕੇ। ਭਾਰਤ ਦੇ ਉਦਯੋਗਿ ਖੇਤਰਾਂ ਵਿੱਚ ਅਜਿਹਾ ਹੋਣਾ ਕੋਈ ਦੁਰਲਭ ਗੱਲ ਨਹੀਂ। ਸੂਰਤ ਸ਼ਹਿਰ ਦੇ ਨੇੜੇ ਉਦਨਾ ਤੇ ਪੰਡੇਸਰਾ ਵਿੱਚ ਜਿੱਥੇ ਸਾਰੀਆਂ ਖੱਡੀਆਂ ਸਨ, ਉਥੇ ਮੈਂ ਨਿਰੰਤਰ ਰੂਪ ਵਿੱਚ ਦੇਖਦਾ ਹੁੰਦਾ ਸੀ ਕਿ ਉਥੇ ਕਿਸ ਤਰ੍ਹਾਂ ਕੱਪੜਾ ਰੰਗਣ ਅਤੇ ਇਸ ਦੀ ਛਪਾਈ ਕਰਨ ਵਾਲੀਆਂ ਯੂਨਿਟਾਂ ਨਿਰੰਤਰ ਤੌਰ 'ਤੇ ਚਮਕਦਾਰ ਰੰਗਾਂ ਵਾਲਾ ਕਚਰਾ ਸਿੱਧਾ ਬਾਹਰ ਨਾਲੀਆਂ ਵਿੱਚ ਵਹਾਅ ਦਿੰਦੀਆਂ ਸਨ, ਜਿਸ ਨਾਲ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਜਾਂਦਾ ਸੀ।

ਮੈਂ ਇਹ ਸਭ ਕੁਝ ਇਸ ਵਾਰੀ ਸੁਪਰੀਮ ਕੋਰਟ ਵੱਲੋਂ ਦੀਵਾਲੀ ਮੌਕੇ ਦਿੱਲੀ ਵਿੱਚ ਪਟਾਕਿਆਂ ਉੱਤੇ ਪਾਬੰਦੀ ਦੀ ਖਬਰ ਪੜ੍ਹਨ ਤੋਂ ਬਾਅਦ ਲਿਖ ਰਿਹਾ ਹਾਂ। ਦਿੱਲੀ ਵਿੱਚ ਮੈਂ ਅਕਸਰ ਜਾਂਦਾ ਰਹਿੰਦਾ ਹਾਂ, ਇਸ ਲਈ ਜਾਣਦਾ ਹਾਂ ਕਿ ਉਥੋਂ ਦੀ ਹਵਾ ਦੀ ਗੁਣਵੱਤਾ ਹੋਰ ਸ਼ਹਿਰਾਂ ਤੋਂ ਕੋਈ ਵੱਖਰੀ ਨਹੀਂ ਤਾਂ ਉਨ੍ਹਾਂ ਤੋਂ ਘੱਟ ਵੀ ਨਹੀਂ। ਯਕੀਨਨ ਅੰਕਲੇਸ਼ਵਰ ਵਰਗੇ ਸਥਾਨਾਂ ਦੇ ਮੁਕਾਬਲੇ ਵਿੱਚ ਦਿੱਲੀ ਵਿੱਚ ਕੁਝ ਘੱਟ ਹੈ, ਇਸ ਲਈ ਇਹ ਕਹਿਣਾ ਬਿਲਕੁਲ ਤਰਕ ਪੂਰਨ ਹੋਵੇਗਾ ਕਿ ਘਟੀਆ ਹਵਾ ਦੀ ਅਸਲੀ ਸਮੱਸਿਆ ਦਿੱਲੀ ਵਿੱਚ ਨਹੀਂ, ਸਗੋਂ ਅੰਕਲੇਸ਼ਵਰ ਵਰਗੀਆਂ ਥਾਵਾਂ 'ਤੇ ਹੈ।



ਇਸ ਲਈ ਮੈਨੂੰ ਇਹ ਗੱਲ ਬੜੀ ਹੈਰਾਨੀ ਜਨਕ ਲੱਗਦੀ ਹੈ ਕਿ ਦਿੱਲੀ ਵਿੱਚ ਲਗਾਤਾਰ ਇਸ ਸੰਬੰਧ ਵਿੱਚ ਕੁਝ ਨਾ ਕੁਝ ਹੰਗਾਮਾ ਮਚਿਆ ਰਹਿੰਦਾ ਹੈ। ਪਹਿਲਾਂ 'ਓਡ-ਈਵਨ' ਦਿਨਾਂ 'ਤੇ ਟਰੈਫਿਕ ਚਲਾਉਣ ਦੀ ਯੋਜਨਾ ਬਣਾਈ ਗਈ ਤੇ ਹੁਣ ਪ੍ਰਦੂਸ਼ਣ ਰੋਕਣ ਦੇ ਨਾਂਅ 'ਤੇ ਪਟਾਕਿਆਂ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਸਿਰਫ ਇੱਕ ਦਿਨ ਲਈ ਅਜਿਹੀ ਪਾਬੰਦੀ ਲਾਉਣ ਨਾਲ ਪ੍ਰਦੂਸ਼ਣ ਦੇ ਪੱਧਰਾਂ 'ਤੇ ਕਿਹੜਾ ਬਦਲਾਅ ਆ ਜਾਵੇਗਾ? ਉਂਝ ਇਸ ਤਰ੍ਹਾਂ ਦੇ ਅਤਿ ਸਮਝਦਾਰੀ ਵਾਲੇ ਹੱਲ ਸਿਰਫ ਰਾਜਧਾਨੀ ਤੱਕ ਕਿਉਂ ਸੀਮਿਤ ਰੱਖੇ ਜਾਂਦੇ ਹਨ, ਜਦ ਕਿ ਇਹ ਸਿੱਧੇ ਤੌਰ 'ਤੇ ਸੱਚ ਹੈ ਕਿ ਹਵਾ ਪ੍ਰਦੂਸ਼ਣ ਤੇ ਆਮ ਤੌਰ 'ਤੇ ਹਰ ਤਰ੍ਹਾਂ ਦਾ ਪ੍ਰਦੂਸ਼ਣ ਪੂਰੇ ਭਾਰਤ ਨੂੰ ਪ੍ਰਭਾਵਤ ਕਰ ਰਿਹਾ ਹੈ?

ਮੌਜੂਦਾ ਮਾਹੌਲ ਵਿੱਚ ਇੱਕ ਹੋਰ ਜ਼ਹਿਰੀਲੇ ਪ੍ਰਦੂਸ਼ਣ ਦੀ ਵੀ ਸਮੱਸਿਆ ਹੈ, ਜਿਸ ਨੂੰ ਹਿੰਦੂ ਰਾਸ਼ਟਰਵਾਦ ਦਾ ਨਾਂਅ ਦਿੱਤਾ ਜਾਂਦਾ ਹੈ। ਮੁਸਲਮਾਨਾਂ ਦਾ ਸ਼ੋਸ਼ਣ ਕਰਨ ਲਈ ਇਹ ਇੱਕ ਨਵੇਂ ਹਥਿਆਰ ਦੇ ਰੂਪ ਵਿੱਚ ਵਰਤਿਆ ਜਾ ਰਿਹਾ ਹੈ। ਭਾਜਪਾ ਨਾਲ ਸੰਬੰਧਤ ਇੱਕ ਗਵਰਨਰ ਨੇ ਇਥੋਂ ਤੱਕ ਸਵਾਲ ਉਠਾਇਆ ਹੈ ਕਿ ਕੀ ਪਟਾਕਿਆਂ 'ਤੇ ਪਾਬੰਦੀ ਤੋਂ ਬਾਅਦ ਅਗਲਾ ਕਦਮ ਹਿੰਦੂਆਂ ਵਾਲੋਂ ਕੀਤੇ ਜਾਣ ਵਾਲੇ ਦਾਹ-ਸਸਕਾਰ ਦੇ ਵਿਰੁੱਧ ਉਠਾਇਆ ਜਾਵੇਗਾ। ਮਸ਼ਹੂਰ ਲੇਖਕ ਚੇਤਨ ਭਗਤ ਨੇ ਸਵਾਲ ਕੀਤਾ ਹੈ ਕਿ ਕੀ ਭਾਰਤੀ ਅਦਾਲਤਾਂ ਬੱਕਰਿਆਂ ਦੀਆਂ ਹੱਤਿਆਵਾਂ 'ਤੇ ਪਾਬੰਦੀ ਲਾਉਣ ਦੀ ਦਲੇਰੀ ਦਿਖਾ ਸਕਣਗੀਆਂ। ਜਵਾਬ ਵਿੱਚ ਮੈਂ ਸਿਰਫ ਇੰਨਾ ਕਹਿਣਾ ਚਾਹਾਂਗਾ ਕਿ ਪਟਾਕਿਆਂ 'ਤੇ ਪਾਬੰਦੀ ਦੀ ਮੰਗ ਕੀ ਮੁਸਲਮਾਨਾਂ ਵੱਲੋਂ ਉਠਾਈ ਗਈ ਹੈ? ਉਨ੍ਹਾਂ ਨੂੰ ਇਸ ਵਿੱਚ ਕਿਉਂ ਘਸੀਟਿਆ ਜਾ ਰਿਹਾ ਹੈ? ਅਦਾਲਤ ਨੇ ਖੁਦ ਇਸ ਨੂੰ ਮੰਦਭਾਗਾ ਕਰਾਰ ਦਿੱਤਾ ਤੇ ਕਿਹਾ ਕਿ ਉਸ ਮਾਹੌਲ ਨੂੰ ਸਮਝਣਾ ਚਾਹੀਦਾ ਹੈ, ਜਿਸ ਵਿੱਚ ਉਸ ਨੂੰ ਕੰਮ ਕਰਨਾ ਪੈਂਦਾ ਹੈ।

ਖਬਰਾਂ ਵਿੱਚ ਦੱਸਿਆ ਗਿਆ ਹੈ ਕਿ ਦਿੱਲੀ ਵਿੱਚ 50 ਲੱਖ ਕਿਲੋ ਪਟਾਕਾ ਸਮੱਗਰੀ ਵਿਕਰੀ ਦਾ ਇੰਤਜ਼ਾਰ ਕਰ ਰਹੀ ਹੈ ਤੇ ਸੁਪਰੀਮ ਕੋਰਟ ਵੱਲੋਂ ਲਾਈ ਪਾਬੰਦੀ ਉਨ੍ਹਾਂ ਹਜ਼ਾਰਾਂ ਲੋਕਾਂ ਦੀ ਰੋਜ਼ੀ ਤੇ ਹਮਲਾ ਕਰੇਗੀ, ਜੋ ਇਸ ਤਿਉਹਾਰੀ ਮੌਸਮ ਵਿੱਚ ਆਪਣੀ ਆਮਦਨ ਵਿੱਚ ਥੋੜ੍ਹੇ ਬਹੁਤੇ ਵਾਧੇ ਦੀ ਉਮੀਦ ਲਾਈ ਬੈਠੇ ਹਨ। ਇਸ ਤੋਂ ਇਲਾਵਾ ਲੱਖਾਂ ਬੱਚੇ ਅਤੇ ਬਾਲਗ ਵੀ ਪ੍ਰਭਾਵਤ ਹੋਣਗੇ, ਜੋ ਦੀਵਾਲੀ ਦੇ ਮੌਕੇ 'ਤੇ ਜਸ਼ਨ ਮਨਾਉਂਦੇ ਹਨ।

ਭਾਰਤ ਤੇ ਉਸ ਦੇ ਆਲੇ ਦੁਆਲੇ ਦਾ ਖੇਤਰ ਦੁਨੀਆ ਦੇ ਸਭ ਤੋਂ ਗਰੀਬ ਇਲਾਕਿਆਂ 'ਚੋਂ ਇੱਕ ਹੈ। ਅਜਿਹੇ ਵਿੱਚ ਸਾਨੂੰ ਖੁਦ ਤੋਂ ਇਹ ਸਵਾਲ ਜ਼ਰੂਰ ਪੁੱਛਣਾ ਚਾਹੀਦਾ ਹੈ ਕਿ ਸੰਸਕ੍ਰਿਤਕ ਸਰਗਰਮੀਆਂ 'ਤੇ ਲਗਾਮ ਲਾਉਣਾ ਕੀ ਸਾਰਥਕ ਹੋਵੇਗਾ? ਪਾਕਿਸਤਾਨ ਵੀ ਬਸੰਤ ਉਤਸਵ ਮੌਕੇ 'ਤੇ ਲਾਹੌਰ ਵਿੱਚ ਪਤੰਗਬਾਜ਼ੀ 'ਤੇ ਪਾਬੰਦੀ ਲਾ ਕੇ ਸਾਡੇ ਵਾਲੀ ਗਲਤੀ ਹੀ ਦੁਹਰਾਉਂਦਾ ਹੈ। ਪਾਕਿਸਤਾਨੀ ਜੱਜ ਅਕਸਰ ਇਸ ਵਿਚਾਰ ਦੇ ਪੱਖ ਵਿੱਚ ਹਨ ਕਿ ਪਤੰਗਬਾਜ਼ੀ ਗੈਰ-ਇਸਲਾਮਕ ਹੈ ਤੇ ਇਸ ਲਈ ਲੋਕਾਂ ਦੇ ਪਤੰਗ ਉਡਾਉਣ 'ਤੇ ਪਾਬੰਦੀ ਲਾਈ ਜਾਵੇ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਇਹ ਪੰਛੀਆਂ ਅਤੇ ਇਨਸਾਨਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ, ਜਦ ਕਿ ਅਸਲ ਇਰਾਦਾ ਧਾਰਮਕ ਮਾਨਸਿਕਤਾ ਨੂੰ ਹੱਲਾਸ਼ੇਰੀ ਦੇਣਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਤੰਗਬਾਜ਼ੀ ਨਾਲ ਕਈ ਲੋਕ ਜ਼ਖਮੀ ਹੁੰਦੇ ਹਨ ਤੇ ਕਦੇ-ਕਦਾਈਂ ਮੌਤ ਦਾ ਸ਼ਿਕਾਰ ਵੀ ਹੋ ਜਾਂਦੇ ਹਨ, ਪਰ ਕੀ ਹੋਰ ਕਈ ਚੀਜ਼ਾਂ ਦੇ ਕਾਰਨ ਵੀ ਅਜਿਹਾ ਨਹੀਂ ਹੁੰਦਾ? ਕੀ ਇਨ੍ਹਾਂ ਸਾਰੀਆਂ ਚੀਜ਼ਾਂ 'ਤੇ ਪਾਬੰਦੀ ਲਾਈ ਜਾਂਦੀ ਹੈ? ਸਾਨੂੰ ਸਿਰਫ ਇਸ ਲਈ ਕਿਸੇ ਚੀਜ਼ 'ਤੇ ਪਾਬੰਦੀ ਲਾਉਣ ਬਾਰੇ ਨਹੀਂ ਸੋਚਣਾ ਚਾਹੀਦਾ ਕਿ ਇਸ ਨਾਲ ਅਸੀਂ ਅਸੁਰੱਖਿਅਤ ਹੋ ਜਾਂਦੇ ਹਾਂ। ਪਟਾਕਿਆਂ 'ਤੇ ਪਾਬੰਦੀ ਸ਼ਾਇਦ ਇਸ ਪ੍ਰਕਾਰ ਦੀ ਦਇਆ ਭਾਵਨਾ ਦੀ ਪੈਦਾਵਾਰ ਨਹੀਂ ਹੈ, ਸਗੋਂ ਇਸ ਦੇ ਪਿੱਛੇ ਇੱਕੋ ਝਟਕੇ ਨਾਲ ਤਬਦੀਲੀ ਲਿਆਉਣ ਦੀ ਸੋਚ ਕੰਮ ਕਰ ਰਹੀ ਹੈ। ਆਮ ਤੌਰ 'ਤੇ ਅਜਿਹੀ ਭਾਵਨਾ ਲੋੜੀਂਦਾ ਨਤੀਜਾ ਦੇਣ ਵਿੱਚ ਨਾਕਾਮ ਰਹਿੰਦੀ ਹੈ।

ਜਿਸ ਤਰ੍ਹਾਂ ਸੁਪਰੀਮ ਕੋਰਟ ਲਵ ਜੇਹਾਦ ਅਤੇ ਰਾਸ਼ਟਰ ਗਾਨ ਵਰਗੇ ਮੁੱਦਿਆਂ ਵਿੱਚ ਦਿਲਚਸਪੀ ਲੈ ਰਹੀ ਹੈ, ਉਸ ਕਾਰਨ ਸਾਨੂੰ ਰਾਜਧਾਨੀ ਵਿੱਚ ਹਵਾ ਦੀ ਗੁਣਵੱਤਾ ਸੁਧਾਰਨ ਦੀ ਕੋਸ਼ਿਸ਼ ਕਰਨ ਦੇ ਇਸ ਦੇ ਇਰਾਦੇ 'ਤੇ ਵੀ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਉਂਜ ਇਹ ਜਾਨਣਾ ਬਹੁਤ ਸਬਕ ਦਾਇਕ ਹੋਵੇਗਾ ਕਿ ਅਮਰੀਕਾ ਵਰਗੇ ਵਿਸ਼ਾਲ ਲੋਕਤੰਤਰਾਂ ਦੀਆਂ ਸੁਪਰੀਮ ਕੋਰਟਾਂ ਨੇ ਇਸ ਤਰ੍ਹਾਂ ਅਜਿਹੇ ਮੁੱਦਿਆਂ ਨਾਲ ਨਜਿੱਠਿਆਂ ਹੈ ਅਤੇ ਕਿਨ੍ਹਾਂ ਗੱਲਾਂ ਨੂੰ ਹੱਥਾਂ ਵਿੱਚ ਲੈਣ ਤੋਂ ਉਨ੍ਹਾਂ ਨੇ ਬਿਲਕੁਲ ਇਨਕਾਰ ਕਰ ਦਿੱਤਾ। ਪ੍ਰਦੂਸ਼ਣ ਦੀ ਸਮੱਸਿਆ ਤੇ ਇਸ ਤੋਂ ਵੀ ਵੱਡੀ ਪੌਣ-ਪਾਣੀ ਦੀ ਤਬਦੀਲੀ ਦੀ ਸਮੱਸਿਆ ਸੱਚਮੁੱਚ ਬਹੁਤ ਗੰਭੀਰ ਮੁੱਦੇ ਹਨ। ਇਨ੍ਹਾਂ ਦੀ ਗੰਭੀਰਤਾ ਉਸ ਸਮੇਂ ਖਤਮ ਹੋ ਜਾਂਦੀ ਹੈ, ਜਦੋਂ ਅਸੀਂ ਇਨ੍ਹਾਂ ਨਾਲ ਨਜਿੱਠਣ ਲਈ ਬੇਹੱਦ ਕੰਮ-ਚਲਾਊ ਢੰਗ ਦੇ ਸਿਰਫ ਤਿਉਹਾਰੀ ਮਹੱਤਤਾ ਰੱਖਣ ਵਾਲੇ ਅਤੇ ਆਖਰ ਪੂਰੀ ਤਰ੍ਹਾਂ ਅਰਥਹੀਣ ਉਪਾਅ ਪੇਸ਼ ਕਰਦੇ ਹਾਂ। ਇਨ੍ਹਾਂ ਦੇ ਪਿੱਛੇ ਇਰਾਦੇ ਬੇਸ਼ੱਕ ਕਿੰਨੇ ਵੀ ਨੇਕ ਕਿਉਂ ਨਾ ਹੋਣ, ਅਦਾਲਤਾਂ ਨੂੰ ਅਜਿਹੇ ਮਾਮਲਿਆਂ 'ਚ ਹੁਕਮ ਜਾਰੀ ਕਰਦੇ ਸਮੇਂ ਬਹੁਤ ਸੋਚ-ਸਮਝ ਕੇ ਕਦਮ ਉਠਾਉਣਾ ਚਾਹੀਦਾ ਹੈ।

# ਪੱਕਾ ਘਰ ਟੋਲੀਂ ਬਾਬਲਾ..

-ਹਰਪ੍ਰੀਤ ਸਿੰਘ ਸਵੈਚ



ਪੰਜਾਬੀ ਲੋਕ ਸਾਹਿਤ ਵਿੱਚ ਵੱਖ-ਵੱਖ ਰਿਸ਼ਤਿਆਂ ਦੇ ਖੱਟੇ-ਮਿੱਠੇ ਤਜਰਬਿਆਂ ਨੂੰ ਬਿਆਨ ਕਰਦੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਗੀਤ ਮਿਲਦੇ ਹਨ। ਇਨ੍ਹਾਂ ਵਿੱਚ ਸਭ ਤੋਂ ਵੱਧ ਭਾਵੁਕ ਅਤੇ ਜਜ਼ਬਾਤੀ ਸੰਵਾਦ ਪਿਓ ਤੇ ਧੀ ਵਿਚਕਾਰ ਹੋਇਆ ਮਿਲਦਾ ਹੈ। ਬੇਸ਼ੱਕ ਸਾਡਾ ਸਮਾਜ ਧੀਆਂ ਨੂੰ ਪਰਾਇਆ ਧਨ ਸਮਝਦਾ ਰਿਹਾ ਹੈ, ਪਰ ਪਿਓ ਲਈ ਧੀਆਂ ਕਿਸੇ ਅਣਮੁੱਲੇ ਸਰਮਾਏ ਤੋਂ ਘੱਟ ਨਹੀਂ ਹੁੰਦੀਆਂ। ਲਾਡਾਂ ਨਾਲ ਪਾਲੀ ਧੀ ਨੂੰ ਆਪਣੇ ਹੱਥੀਂ ਤੋਰਨ ਦੀ ਅਸਹਿ ਪੀੜ ਸਹਿਣ ਵਾਲੇ ਪਿਓ ਨੂੰ ਲੋਕ ਗੀਤਾਂ ਵਿੱਚ ਧਰਮੀ ਬਾਬਲ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਜਿਉਂ-ਜਿਉਂ ਧੀ ਜਵਾਨ ਹੁੰਦੀ ਹੈ ਤਿਉਂ-ਤਿਉਂ ਪਿਓ ਨੂੰ ਧੀ ਵਿਹਾਉਣ ਦਾ ਫ਼ਿਕਰ ਸਤਾਉਣ ਲੱਗਦਾ ਹੈ। ਪਿਓ ਸਾਰੀ ਉਮਰ ਧੀ ਦਾ ਦਾਜ ਇਕੱਠਾ ਕਰਦਾ ਡਰ-ਡਰ ਕੇ ਜ਼ਿੰਦਗੀ ਜਿਉਂਦਾ ਹੈ ਕਿ ਕਿਤੇ ਉਸਦੀ ਪਿਆਰੀ ਧੀ ਦੇ ਕਾਜ ਰਚਾਉਣ ਵਿੱਚ ਕੋਈ ਕਮੀ ਨਾ ਰਹਿ ਜਾਵੇ। ਇਸ ਵਰਤਾਰੇ ਨੂੰ ਲੋਕ ਗੀਤਾਂ ਵਿੱਚ ਇੰਜ ਪੇਸ਼ ਕੀਤਾ ਗਿਆ ਹੈ-

ਬਾਬਲ ਕਿਉਂ ਡਰਿਆ, ਬਾਬਲ ਕਿਉਂ ਡਰਿਆ
ਬਾਬਲ ਦੀ ਧੀ ਕੁਆਰੀ, ਬਾਬਲ ਧਰਮੀ ਤਾਂ ਡਰਿਆ

ਪੁਰਾਤਨ ਸਮਿਆਂ ਵਿੱਚ ਬਹੁਤੇ ਘਰ ਕੱਚੇ ਹੋਣ ਕਾਰਨ ਪੱਕੇ ਘਰ ਨੂੰ ਅਮੀਰੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਅਜਿਹੇ ਵਿੱਚ ਧੀ ਆਪਣੇ ਪਿਓ ਨੂੰ ਇਹੀ ਅਰਜ਼ ਕਰਦੀ ਹੈ ਕਿ ਉਸਦਾ ਵਿਆਹ ਕਿਸੇ ਪੱਕੇ ਘਰ ਵਿੱਚ ਕੀਤਾ ਜਾਵੇ। ਹਰ ਪਿਓ ਦੀ ਵੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਧੀ ਲਈ ਦੁਨੀਆ ਦਾ ਸਭ ਤੋਂ ਯੋਗ ਵਰ ਲੱਭੇ, ਜੋ ਉਸ ਦੀ ਧੀ ਦੀਆਂ ਸਭ ਰੀਝਾਂ ਪੂਰੀਆਂ ਕਰੇ। ਪਿਓ ਤੇ ਧੀ ਵਾਰਤਾਲਾਪ ਨੂੰ ਇੰਜ ਪੇਸ਼ ਕੀਤਾ ਗਿਆ ਹੈ:

ਪੱਕਾ ਘਰ ਟੋਲੀਂ ਬਾਬਲਾ,
ਕਿਤੇ ਲਿੱਪਣੇ ਨਾ ਪੈਣ ਬਨੇਰੇ
ਲੰਮੀ ਵੀਹੀ ਤੇ ਪੱਕਾ ਘਰ ਤੇਰਾ,
ਤੂੰ ਹੁਕਮ ਚਲਾਈਂ ਬੱਚੀਏ

ਜਦੋਂ ਪਿਓ ਆਪਣੀ ਲਾਡਲੀ ਧੀ ਦਾ ਸਾਕ ਪੱਕਾ ਕਰਦਾ ਹੈ ਤਾਂ ਧੀ ਇੱਕ ਚੰਗੇ ਵਰ ਦੇ ਸੁਪਨੇ ਸਿਰਜਦੀ ਹੋਈ ਖ਼ੁਸ਼ੀ ਵਿੱਚ ਖੀਵੀ ਹੁੰਦੀ ਜਾਂਦੀ ਹੈ, ਪਰ ਜਦੋਂ ਵਿਆਹ ਦਾ ਸਾਹਾ ਕੱਢਾ ਲਿਆ ਜਾਂਦਾ ਹੈ ਤਾਂ ਬਾਬਲ ਦਾ ਘਰ ਛੁੱਟ ਜਾਣ ਦਾ ਫ਼ਿਕਰ ਉਸ ਨੂੰ ਮਾਯੂਸ ਕਰ ਦਿੰਦਾ ਹੈ। ਇਹ ਮਾਯੂਸੀ ਬਾਬਲ ਪ੍ਰਤੀ ਉਸ ਦੇ ਨਿੱਘੇ ਪਿਆਰ ਦਾ ਹੀ ਬਿੰਬ ਹੁੰਦੀ ਹੈ:

ਨਿੱਕੀ ਨਿੱਕੀ ਸੂਈ ਵੱਟਵਾਂ ਧਾਗਾ,
ਬੈਠ ਕਸੀਦਾ ਕੱਢ ਰਹੀ ਆਂ
ਆਉਂਦੇ ਜਾਂਦੇ ਰਾਹੀ ਪੁੱਛਦੇ,
ਤੂੰ ਕਿਉਂ ਬੀਬਾ ਰੋ ਰਹੀ ਆਂ
ਬਾਬਲ ਮੇਰਾ ਸਾਹਾ ਸਦਾਇਆ
ਮੈਂ ਪਰਦੇਸਣ ਹੋ ਰਹੀ ਆਂ

ਸਾਰੀ ਉਮਰ ਹਿੱਕ ਤਾਣ ਕੇ ਤੁਰਨ ਵਾਲੇ ਬਾਬਲ ਨੂੰ ਧੀ ਦੇ ਵਿਆਹ ਮੌਕੇ ਨਿਵਣਾ ਵੀ ਪੈਂਦਾ ਹੈ। ਡੋਲੀ ਵਿਦਾ ਹੋਣ ਵੇਲੇ ਜਿੱਥੇ ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਅੱਖਾਂ ਭਰ ਆਉਂਦੀਆਂ ਹਨ, ਉਸ ਵੇਲੇ ਪਿਓ ਦੇ ਮਨ ਦੇ ਹਾਲਾਤ ਨੂੰ ਬਾਖ਼ੂਬੀ ਸਮਝਿਆ ਜਾ ਸਕਦਾ ਹੈ। ਜਿਗਰ ਦੇ ਟੁਕੜੇ ਨੂੰ ਬੇਗਾਨੇ ਦੇ ਹੱਥ ਸੌਂਪਣ ਲਈ ਪਹਾੜ ਜਿੱਡਾ ਦਿਲ ਚਾਹੀਦਾ ਹੈ। ਵਿਆਹ ਮੌਕੇ ਧੀ ਦੇ ਮਾਪਿਆਂ ਤੋਂ ਵਿਛੜਨ ਦਾ ਸਮਾਂ ਬਹੁਤ ਪੀੜ ਦਾਇਕ ਤੇ ਭਾਵੁਕ ਹੁੰਦਾ ਹੈ। ਇਸ ਅਹਿਸਾਸ ਨੂੰ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

ਨਿਵੇਂ ਪਹਾੜਾਂ ਦੇ ਪਰਬਤ,
ਹੋਰ ਨਿਵਿਆਂ ਨਾ ਕੋਈ
ਨਿਵਿਆਂ ਲਾਡੋ ਦਾ ਬਾਬਲ,
ਜਿਹਨੇ ਧੀ ਵਿਆਹੀ
ਤੂੰ ਕਿਉਂ ਰੋਇਆ ਬਾਬਲ ਜੀ,
ਜੱਗ ਹੁੰਦੜੀ ਆਈ

ਡੋਲੀ ਦੀ ਵਿਦਾਈ ਮੌਕੇ ਧੀ ਦਾ ਦਿਲ ਵੀ ਬਾਬਲ ਦਾ ਘਰ ਛੱਡ ਕੇ ਜਾਣ ਨੂੰ ਬਿਲਕੁਲ ਨਹੀਂ ਕਰਦਾ। ਉਹ ਅੱਜ ਦੀ ਰਾਤ ਰੱਖਣ ਲਈ ਵਾਰ-ਵਾਰ ਪਿਓ ਦੇ ਤਰਲੇ ਕੱਢਦੀ ਹੈ ਅਤੇ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਯਾਦ ਕਰਵਾਉਂਦੀ ਹੈ, ਪਰ ਬਾਬਲ ਆਪਣੇ ਦਿਲ 'ਤੇ ਪੱਥਰ ਰੱਖ ਕੇ ਧੀ ਨੂੰ ਖ਼ੁਸ਼ੀ ਖ਼ੁਸ਼ੀ ਸਹੁਰੇ ਘਰ ਜਾਣ ਲਈ ਪ੍ਰੇਰਦਾ ਹੈ:

ਤੇਰੇ ਬਾਗਾਂ ਦੇ ਵਿੱਚ ਵਿੱਚ ਵੇ,
ਬਾਬਲ ਡੋਲਾ ਨਹੀਂ ਲੰਘਦਾ
ਇੱਕ ਟਾਹਲੀ ਪੁਟਾ ਦੇਵਾਂ,
ਧੀਏ ਘਰ ਜਾ ਆਪਣੇ
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ,
ਬਾਬਲ ਗੁੱਡੀਆਂ ਕੌਣ ਖੇਡੇ
ਮੇਰੀਆਂ ਖੇਡਣ ਪੋਤਰੀਆਂ,
ਧੀਏ ਘਰ ਜਾ ਆਪਣੇ

ਧੀਆਂ ਨੂੰ ਵਿਆਹ ਤੋਂ ਬਾਅਦ ਪੇਕੇ ਜਾਣ ਦਾ ਬਹੁਤ ਚਾਅ ਹੁੰਦਾ ਹੈ। ਇਸ ਅਹਿਸਾਸ ਨੂੰ ਲੋਕ ਗੀਤ ਰਾਹੀਂ ਇੰਜ ਬਿਆਨਿਆ ਗਿਆ ਹੈ:

ਹਰੀਏ ਹਰੀਏ ਡੇਕੇ ਨੀਂ ਫੁੱਲ ਦੇ ਦੇ
ਅੱਜ ਮੈਂ ਜਾਣਾ ਪੇਕੇ ਨੀਂ, ਫੁੱਲ ਦੇ ਕੇ

ਧੀਆਂ ਘਰ ਦੀਆਂ ਰਾਣੀਆਂ ਹੁੰਦੀਆਂ ਹਨ ਤੇ ਇਨ੍ਹਾਂ ਰਾਣੀਆਂ ਨਾਲ ਘਰ ਵਿੱਚ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਧੀਆਂ ਨੂੰ ਪਿਓ ਦੀ ਪੱਗ ਕਿਹਾ ਜਾਂਦਾ ਹੈ, ਇਹ ਰੁਤਬਾ ਪੁੱਤਰਾਂ ਨੂੰ ਨਹੀਂ ਮਿਲਿਆ, ਧੀਆਂ ਨੂੰ ਮਿਲਿਆ ਹੈ ਕਿਉਂਕਿ ਧੀ ਹੀ ਬਾਬਲ ਦੇ ਦੁੱਖ ਸੁੱਖ ਦੀ ਅਸਲ ਭਾਗੀਦਾਰ ਬਣਦੀ ਹੈ। ਪੁੱਤਰ ਵਿਆਹ ਤੋਂ ਬਾਅਦ ਆਪਣੇ ਪਰਵਾਰ ਵਿੱਚ ਮਸਤ ਹੋ ਜਾਂਦੇ ਹਨ, ਪਰ ਧੀਆਂ ਮਰਦੇ ਦਮ ਤੱਕ ਬਾਬਲ ਦੀ ਸੁੱਖ ਲੋੜਦੀਆਂ ਰਹਿੰਦੀਆਂ ਹਨ। ਪਤਾ ਨਹੀਂ ਸਾਡਾ ਸਮਾਜ ਧੀਆਂ ਜੰਮਣ ਤੋਂ ਕਿਉਂ ਡਰਦਾ ਹੈ ਜਦੋਂ ਕਿ ਅਸਲੀਅਤ ਇਹ ਹੈ ਕਿ ਧੀਆਂ ਦੀ ਦਾਤ ਤਾਂ ਕਰਮਾਂ ਵਾਲਿਆਂ ਨੂੰ ਨਸੀਬ ਹੁੰਦੀ ਹੈ।


ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ







For All Kinds of Electrical Work

(indoor/outdoor) LED Pot Lights ਲਗਵਾਉਣ 'ਤੇ DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

